SWITCH INSURANCE
AUTO, HOME & COMMERCIAL
Commercial Vehicle Insurance
Commercial Property Insurance
Commercial General Liability (CGL)
Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 24* Issue 123 | Monday, 08 July 2024 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' *Online*ਰੋਜ਼ਾਨਾ ਪੜ੍ਹ ਸਕਦੇ ਹੋ

## ਮਿਸੀਸਾਗਾ ਸਕੂਲ ਪਾਰਕਿੰਗ ਵਿੱਚ ਔਰਤ ’ਤੇ ਚਾਕੂ ਨਾਲ ਹਮਲਾ, ਮੌਤ

### ਇੱਕ ਵਿਅਕਤੀ ਹਿਰਾਸਤ ਵਿੱਚ




ਟੋਰਾਂਟੋ, 7 ਜੁਲਾਈ (ਪੋਸਟ ਬਿਊਰੋ): ਸ਼ਨੀਵਾਰ ਦੁਪਹਿਰ ਮਿਸੀਸਾਗਾ ਵਿੱਚ ਇੱਕ ਸਕੂਲ ਦੇ ਬਾਹਰ ਚਾਕੂ ਨਾਲ ਹਮਲਾ ਕਰਨ ਦੀ ਘਟਨਾ ਵਿੱਚ ਇੱਕ ਔਰਤ ਦੀ ਮੌਤ ਹੋ ਗਈ। ਪੁਲਿਸ ਨੇ ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲਿਆ ਹੈ।

ਜਾਣਕਾਰੀ ਅਨੁਸਾਰ ਪੀਲ ਪੁਲਿਸ ਅਧਿਕਾਰੀਆਂ ਨੂੰ ਸ਼ਾਮ ਕਰੀਬ 5:30 ਵਜੇ ਵਾਈਨਵੁਡ ਡਰਾਈਵ ਅਤੇ ਗਲੇਨ ਏਰਿਨ ਡਰਾਈਵ ਕੋਲ ਸੇਂਟ ਐਲੇਜਾਬੇਥ ਸੇਟਨ ਸਕੂਲ ਦੀ ਪਾਰਕਿੰਗ ਵਿੱਚ ਗੜਬੜ ਬਾਰੇ ਸੂਚਨਾ ਮਿਲੀ।

ਪੁਲਿਸ ਅਧਿਕਾਰੀ ਟਾਇਲਰ ਬੇਲ ਨੇ ਦੱਸਿਆ ਕਿ ਸਾਨੂੰ ਸ਼ੁਰੂਆਤੀ ਰਿਪੋਰਟ ਵਿੱਚ ਦੱਸਿਆ ਗਿਆ ਸੀ ਕਿ ਇੱਥੇ ਪਾਰਕਿੰਗ ਵਿੱਚ ਕਿਸੇ ਤਰ੍ਹਾਂ ਦੀ ਗੜਬੜੀ ਸੀ, ਕਾਫ਼ੀ ਭਗਦੜ ਮੱਚੀ ਹੋਈ ਸੀ। ਉਨ੍ਹਾਂ ਨੇ ਕਿਹਾ ਕਿ ਅਧਿਕਾਰੀਆਂ ਨੇ ਇੱਕ ਔਰਤ ਨੂੰ ਜ਼ਖਮੀ ਹਾਲਤ ਵਿਚ ਵੇਖਿਆ। ਮੋਰੇਨਾ ਨੇ ਕਿਹਾ ਉਸਨੂੰ ਚਾਕੂ ਮਾਰਿਆ ਗਿਆ ਹੈ ਅਤੇ ਅਧਿਕਾਰੀ ਇਲਾਕੇ ਵਿੱਚ ਪਹੁੰਚ ਗਏ।

ਉਸ ਔਰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਿਸ ਵੱਲੋਂ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਮੋਰੇਨਾ ਨੇ ਕਿਹਾ ਕਿ ਅਧਿਕਾਰੀ ਆਸਪਾਸ ਦੇ ਇਲਾਕੇ ਵਿਚ ਇੱਕ ਸ਼ੱਕੀ ਵਿਅਕਤੀ ਨੂੰ ਲੱਭਣ ਵਿਚ ਸਫਲ ਰਹੇ ਅਤੇ ਉਸ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਮੋਰੇਨਾ ਨੇ ਕਿਹਾ ਕਿ ਮ੍ਰਿਤਕ ਔਰਤ ਅਤੇ ਮੁਲਜ਼ਮ ਇੱਕ-ਦੂਜੇ ਨੂੰ ਜਾਣਦੇ ਸਨ।

## ਗਾਜ਼ਾ ਸਕੂਲ ’ਤੇ ਇਜ਼ਰਾਈਲ ਦਾ ਹਵਾਈ ਹਮਲਾ, 16 ਮੌਤਾਂ, 100 ਦੇ ਲਗਭਗ ਜ਼ਖਮੀ

ਤਲਅਵੀਵ, 7 ਜੁਲਾਈ (ਪੋਸਟ ਬਿਊਰੋ): ਇਜ਼ਰਾਇਲੀ ਫੌਜ ਨੇ ਸ਼ਨੀਵਾਰ ਨੂੰ ਗਾਜ਼ਾ ਦੇ ਇੱਕ ਸਕੂਲ 'ਤੇ ਹਵਾਈ ਹਮਲਾ ਕੀਤਾ। ਇਸ ਵਿਚ 16 ਲੋਕਾਂ ਦੀ ਮੌਤ ਹੋ ਗਈ ਅਤੇ 75 ਤੋਂ ਵੱਧ ਜ਼ਖਮੀ ਹੋ ਗਏ। ਅਲਜਜ਼ੀਰਾ ਦੀ ਰਿਪੋਰਟ ਮੁਤਾਬਕ ਇਹ ਸਕੂਲ ਸੰਯੁਕਤ ਰਾਸ਼ਟਰ (ਯੂ.ਐੱਨ.) ਦਾ ਸੀ, ਜਿੱਥੇ ਸ਼ਰਨਾਰਥੀਆਂ ਨੂੰ ਰੱਖਿਆ ਗਿਆ ਸੀ।

ਸਥਾਨਕ ਲੋਕਾਂ ਮੁਤਾਬਕ ਇਜ਼ਰਾਇਲੀ ਫੌਜ ਨੇ ਪਹਿਲਾਂ ਸਕੂਲ ਨੂੰ ਘੇਰ ਲਿਆ ਅਤੇ ਫਿਰ ਹਮਲਾ ਕਰ ਦਿੱਤਾ। ਇਜ਼ਰਾਇਲੀ ਹਮਲੇ ਕਾਰਨ ਸਕੂਲ ਦੀ ਇਮਾਰਤ ਢਹਿ ਗਈ, ਜਿਸ ਵਿਚ ਰਹਿਣ ਵਾਲੇ ਬੱਚੇ ਫਸ ਗਏ। ਸਥਾਨਕ ਲੋਕ ਬਚਾਅ ਕਾਰਜ ਚਲਾ ਰਹੇ ਹਨ। ਹੁਣ ਤੱਕ ਦੋ ਬੱਚਿਆਂ ਨੂੰ ਬਚਾ ਲਿਆ ਗਿਆ ਹੈ, ਜਿਨ੍ਹਾਂ ਵਿੱਚੋਂ ਇੱਕ ਬੱਚੀ ਦੇ ਹੱਥ ਵਿੱਚ ਗੰਭੀਰ ਸੱਟ ਲੱਗੀ ਹੈ। ਦੂਜੇ ਬੱਚੇ ਦੇ ਚਿਹਰੇ ਅਤੇ ਸਿਰ 'ਤੇ ਸੱਟਾਂ ਦੇ ਕਈ ਨਿਸ਼ਾਨ ਹਨ।



ਸੰਯੁਕਤ ਰਾਸ਼ਟਰ ਦੀ ਬਚਾਅ ਟੀਮ ਮੁਤਾਬਕ ਪਿਛਲੇ ਮਹੀਨੇ ਵੀ ਇਜ਼ਰਾਇਲੀ ਫੌਜ ਨੇ ਇਕ ਸਕੂਲ ਨੂੰ ਨਿਸ਼ਾਨਾ ਬਣਾਇਆ ਸੀ।

ਫਲਸਤੀਨੀ ਸਿਹਤ ਮੰਤਰਾਲੇ ਮੁਤਾਬਕ ਮਰਨ ਵਾਲਿਆਂ 'ਚ ਜ਼ਿਆਦਾਤਰ ਬੱਚੇ ਅਤੇ ਔਰਤਾਂ ਹਨ। 50 ਜ਼ਖਮੀਆਂ ਦਾ ਇਲਾਜ ਚੱਲ ਰਿਹਾ ਹੈ, ਬਾਕੀਆਂ ਦਾ ਮੌਕੇ 'ਤੇ ਹੀ ਇਲਾਜ ਕੀਤਾ ਗਿਆ। ਇਜ਼ਰਾਇਲੀ ਫੌਜ ਨੇ ਸਕੂਲ ਨੂੰ ਅੱਤਵਾਦੀਆਂ ਦਾ ਅੱਡਾ ਦੱਸਿਆ ਹੈ।

## ਬੀਸੀ. ਦੀ ਔਰਤ ’ਤੇ ਅੱਤਵਾਦੀ ਗਰੁੱਪ ਵਿੱਚ ਸ਼ਾਮਿਲ ਹੋਣ ਅਤੇ ਅੱਤਵਾਦੀ ਗਰੁੱਪ ਦੀਆਂ ਗਤੀਵਿਧੀਆਂ ’ਚ ਸ਼ਾਮਿਲ ਹੋਣ ਦਾ ਦੋਸ਼

ਬ੍ਰਿਟਿਸ਼ ਕੋਲੰਬੀਆ, 7 ਜੁਲਾਈ (ਪੋਸਟ ਬਿਊਰੋ): ਆਰਸੀਐੱਮਪੀ ਨੇ ਸ਼ਨੀਵਾਰ ਨੂੰ ਕਿਹਾ ਕਿ ਆਈ.ਐੱਸ.ਆਈ.ਐੱਸ. ਖਿਲਾਫ ਜੰਗ ਦੌਰਾਨ ਸੀਰੀਆ ਵਿੱਚ ਫੜ੍ਹੀ ਗਈ ਬ੍ਰਿਟਿਸ਼ ਕੋਲੰਬੀਆ ਦੀ ਇੱਕ ਔਰਤ 'ਤੇ ਅੱਤਵਾਦ ਦੇ ਚਾਰਜਿਜ਼ ਲਗਾਏ ਗਏ ਹਨ। ਕਿੰਬਰਲੀ ਪੋਲਮੈਨ 'ਤੇ ਕੈਨੇਡਾ ਛੱਡਕੇ ਅੱਤਵਾਦੀ ਗਰੁੱਪ ਵਿੱਚ ਸ਼ਾਮਿਲ ਹੋਣ ਅਤੇ ਅੱਤਵਾਦੀ ਗਰੁੱਪ ਦੀਆਂ ਗਤੀਵਿਧੀਆਂ ਵਿੱਚ ਸ਼ਾਮਿਲ ਹੋਣ ਦਾ ਦੋਸ਼ ਹੈ ।

ਉਹ ਸ਼ਨੀਵਾਰ ਸਵੇਰੇ ਵੈਨਕੂਵਰ ਦੀ ਅਦਾਲਤ ਵਿੱਚ ਪੇਸ਼ ਹੋਈ ਅਤੇ 2 ਅਗਸਤ ਨੂੰ ਵਾਪਿਸ ਆਉਣ ਵਾਲੀ ਸੀ।

ਸਕਵਾਮਿਸ਼ , ਬੀ.ਸੀ. ਦੀਆਂ ਰਹਿਣ ਵਾਲੀਆਂ ਦਰਜਨਾਂ ਕੈਨੇਡੀਅਨ ਔਰਤਾਂ ਵਿੱਚੋਂ ਇੱਕ ਸੀ, ਜੋ ਅੱਤਵਾਦੀ ਗਰੁੱਪ ਵੱਲੋਂ ਸੀਰੀਆ ਦੇ ਕੁੱਝ ਹਿੱਸਿਆਂ 'ਤੇ ਕਬਜ਼ਾ ਕੀਤੇ ਜਾਣ ਦੌਰਾਨ ਆਈ.ਐੱਸ.ਆਈ.ਐੱਸ. ਦੇ ਕਬਜ਼ੇ ਵਾਲੇ ਖੇਤਰ ਵਿੱਚ ਚਲੀਆਂ ਗਈਆਂ ਸਨ।



ਤਿੰਨ ਬੱਚਿਆਂ ਦੀ ਮਾਂ ਨੂੰ 2019 ਵਿੱਚ ਅਮਰੀਕੀ ਸਮਰਥਕ ਕੁਰਦ ਲੜਾਕਿਆਂ ਨੇ ਫੜ੍ਹ ਲਿਆ ਸੀ ਅਤੇ ਉਹ 2022 ਵਿੱਚ ਕੈਨੇਡਾ ਵਾਪਿਸ ਆ ਗਈ ਸੀ, ਪਰ ਹੁਣ ਤੱਕ ਉਸ 'ਤੇ ਕੋਈ ਦੋਸ਼ ਨਹੀਂ ਲਗਾਇਆ ਗਿਆ ਸੀ।

ਪੋਲਮੈਨ ਨੇ ਖੁਦ ਨੂੰ ਇੱਕ ਪੀੜਤ ਦੇ ਰੂਪ ਵਿੱਚ ਵਿਖਾਇਆ ਹੈ, ਜਿਸਨੇ ਆਨਲਾਈਨ ਮਿਲੇ ਇੱਕ ਆਈਐੱਸਆਈਐੱਸ ਲੜਾਕੇ ਨਾਲ ਝਾਂਸੇ ਵਿਚ ਆ ਕੇ ਵਿਆਹ ਕਰ ਲਿਆ, ਪਰ ਆਰਸੀਐੱਮਪੀ ਨੇ ਦੋਸ਼ ਲਗਾਇਆ ਕਿ ਉਹ ਗਰੁੱਪ ਪ੍ਰਤੀ ਪ੍ਰਤੀਬਧ ਸੀ।

## ਡਾਊਨਟਾਊਨ ਟੋਰਾਂਟੋ ਵਿੱਚ ਇੱਕ ਵਿਅਕਤੀ ਨੂੰ ਚਾਕੂ ਨਾਲ ਹਮਲਾ ਕਰਕੇ ਕੀਤਾ ਜ਼ਖਮੀ




ਟੋਰਾਂਟੋ, 7 ਜੁਲਾਈ (ਪੋਸਟ ਬਿਊਰੋ): ਸ਼ਨੀਵਾਰ ਸ਼ਾਮ ਨੂੰ ਡਾਊਨਟਾਊਨ ਟੋਰਾਂਟੋ ਵਿੱਚ ਚਾਕੂ ਨਾਲ ਹਮਲਾ ਕਰਕੇ ਇੱਕ ਵਿਅਕਤੀ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ ਗਿਆ।

ਟੋਰਾਂਟੋ ਪੁਲਿਸ ਨੂੰ ਸ਼ਾਮ 6 ਵਜੇ ਕਵੀਨ ਸਟਰੀਟ ਵੇਸਟ ਦੇ ਦੱਖਣ ਵਿੱਚ ਜੌਨ ਅਤੇ ਰਿਚਮੰਡ ਸਟਰੀਟ 'ਤੇ ਚਾਕੂ ਨਾਲ ਹਮਲਾ ਕੀਤੇ ਜਾਣ ਦੀ ਸੂਚਨਾ ਮਿਲੀ।

ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਨੂੰ ਝਗੜੇ ਦੌਰਾਨ ਚਾਕੂ ਮਾਰਿਆ ਗਿਆ। ਉਸ ਨੂੰ ਗੰਭੀਰ ਜ਼ਖਮੀ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਹੈ।

ਪੁਲਿਸ ਇੱਕ ਸ਼ੱਕੀ ਦੀ ਤਲਾਸ਼ ਕਰ ਰਹੀ ਹੈ, ਜਿਸਨੂੰ ਉਨ੍ਹਾਂ ਨੇ 20 ਤੋਂ 30 ਸਾਲਾ ਅਸ਼ਵੇਤ ਪੁਰਸ਼ ਦੱਸਿਆ ਹੈ, ਜਿਸਦਾ ਕੱਦ ਪੰਜ ਫੁੱਟ ਗਿਆਰਾਂ ਇੰਚ ਹੈ ਅਤੇ ਜਿਸਨੂੰ ਆਖਰੀ ਵਾਰ ਕਾਲੀ ਸ਼ਰਟ ਪਹਿਨੇ ਵੇਖਿਆ ਗਿਆ ਸੀ।

## ਜੰਮੂ-ਕਸ਼ਮੀਰ ਦੇ ਕੁਲਗਾਮ ਵਿਚ 6 ਅੱਤਵਾਦੀ ਮਾਰੇ, 2 ਜਵਾਨ ਸ਼ਹੀਦ



ਸ੍ਰੀਨਗਰ, 7 ਜੁਲਾਈ (ਪੋਸਟ ਬਿਊਰੋ): ਜੰਮੂ-ਕਸ਼ਮੀਰ ਦੇ ਕੁਲਗਾਮ 'ਚ ਐਤਵਾਰ ਨੂੰ ਲਗਾਤਾਰ ਦੂਜੇ ਦਿਨ ਵੀ ਮੁੱਠਭੇੜ ਜਾਰੀ ਹੈ। ਹੁਣ ਤੱਕ ਮੁਦਰਘਮ ਅਤੇ ਚਿੰਨੀਘਾਮ ਫਰਿਸਾਲ ਵਿੱਚ 6 ਅੱਤਵਾਦੀ ਮਾਰੇ ਜਾ ਚੁੱਕੇ ਹਨ। ਦੋ ਜਵਾਨ ਸ਼ਹੀਦ ਹੋ ਗਏ ਹਨ। ਮੁਦਰਘਮ ਵਿੱਚ ਇੱਕ ਜਾਂ ਦੋ ਅੱਤਵਾਦੀਆਂ ਦੇ ਅਤੇ ਚਿੰਨੀਘਾਮ ਫ੍ਰਿਸਲ ਵਿੱਚ ਇੱਕ ਹੋਰ ਅੱਤਵਾਦੀ ਦੇ ਲੁਕੇ ਹੋਣ ਦੀ ਸੰਭਾਵਨਾ ਹੈ।

ਦੋਵਾਂ ਥਾਵਾਂ 'ਤੇ ਆਪਰੇਸ਼ਨ ਚੱਲ ਰਿਹਾ ਹੈ। ਅੱਜ ਸਵੇਰੇ ਮੁਦਰਘਮ 'ਚ ਦੋ ਅੱਤਵਾਦੀ ਮਾਰੇ ਗਏ ਹਨ। ਸ਼ਨੀਵਾਰ ਨੂੰ ਇੱਥੇ ਇੱਕ ਅੱਤਵਾਦੀ ਮਾਰਿਆ ਗਿਆ। ਇੱਕ ਸਿਪਾਹੀ ਸ਼ਹੀਦ ਹੋ ਗਿਆ। ਕੁਲਗਾਮ ਦੇ ਚਿੰਨੀਗਾਮ ਫ੍ਰਿਸਲ 'ਚ ਕੱਲ੍ਹ ਚਾਰ ਅੱਤਵਾਦੀ ਮਾਰੇ ਗਏ ਸਨ। ਇੱਕ ਜਵਾਨ ਸ਼ਹੀਦ ਹੋ ਗਿਆ।

ਦੂਜੇ ਪਾਸੇ ਜੰਮੂ-ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ ਦੇ ਮੰਜਾਕੋਟ ਇਲਾਕੇ 'ਚ ਐਤਵਾਰ ਸਵੇਰੇ ਅੱਤਵਾਦੀਆਂ ਨੇ ਫੌਜ ਦੇ ਕੈਂਪ 'ਤੇ ਹਮਲਾ ਕਰ ਦਿੱਤਾ। ਇਸ 'ਚ ਇਕ ਜਵਾਨ ਜ਼ਖਮੀ ਹੋ ਗਿਆ। ਜਵਾਨਾਂ ਦੀ ਜਵਾਬੀ ਕਾਰਵਾਈ ਤੋਂ ਬਾਅਦ ਅੱਤਵਾਦੀ ਸੰਘਣੇ ਜੰਗਲ ਵਿੱਚੋਂ ਭੱਜ ਗਏ। ਫੌਜ ਅਤੇ ਪੁਲਿਸ ਨੇ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ।

## ਸਕਾਰਬੋਰੋ ਵਿੱਚ ਗੈਸ ਸਟੇਸ਼ਨ ’ਤੇ ਗੋਲੀਬਾਰੀ ’ਚ ਇੱਕ ਵਿਅਕਤੀ ਜ਼ਖ਼ਮੀ



ਟੋਰਾਂਟੋ, 7 ਜੁਲਾਈ (ਪੋਸਟ ਬਿਊਰੋ): ਪੁਲਿਸ ਨੇ ਦੱਸਿਆ ਕਿ ਸਕਾਰਬੋਰੋ ਵਿੱਚ ਇੱਕ ਗੈਸ ਸਟੇਸ਼ਨ ’ਤੇ ਹੋਈ ਗੋਲੀਬਾਰੀ ਵਿੱਚ ਇੱਕ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਿਆ।

ਪੁਲਿਸ ਨੂੰ ਰਾਤ 10:18 ਵਜੇ ਵਾਰਡਨ ਏਵੇਨਿਊ ਅਤੇ ਏਲੇਸਮੇਰੇ ਰੋਡ ਦੇ ਇਲਾਕੇ ਵਿੱਚ ਗੋਲੀਆਂ ਚੱਲਣ ਬਾਰੇ ਸੂਚਨਾ ਮਿਲੀ। ਪੁਲਿਸ ਦਾ ਕਹਿਣਾ ਹੈ ਕਿ ਅਧਿਕਾਰੀਆਂ ਨੇ ਸ਼ੇਲ ਗੈਸ ਸਟੇਸ਼ਨ ’ਤੇ ਇੱਕ ਵਿਅਕਤੀ ਗੋਲੀ ਲੱਗਣ ਨਾਲ ਜ਼ਖਮੀ ਮਿਲਿਆ।

ਉਸ ਵਿਅਕਤੀ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ। ਪੁਲਿਸ ਦਾ ਕਹਿਣਾ ਹੈ ਕਿ ਸ਼ੱਕੀ ਇੱਕ ਵਾਹਨ ਵਿੱਚ ਸਵਾਰ ਹੋ ਕੇ ਇਲਾਕੇ ਵਿਚੋਂ ਭੱਜ ਗਿਆ। ਵਾਹਨ ਜਾਂ ਸ਼ੱਕੀ ਦਾ ਕੋਈ ਬਿਓਰਾ ਜਾਰੀ ਨਹੀਂ ਕੀਤਾ ਗਿਆ ਹੈ।

## ਵੁਡਬਾਈਨ ਪਾਰਕ ਵਿੱਚ 7 ਟੀਨੇਜ਼ਰਜ਼ ਨੇ ਕਈ ਲੋਕਾਂ ’ਤੇ ਪੇਲੇਟ ਗੰਨ ਨਾਲ ਚਲਾਈਆਂ ਗੋਲੀਆਂ : ਪੁਲਿਸ

ਟੋਰਾਂਟੋ, 7 ਜੁਲਾਈ (ਪੋਸਟ ਬਿਊਰੋ): ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਵੁਡਬਾਈਨ ਪਾਰਕ ਵਿੱਚ ਟੀਨੇਜ਼ਰਜ਼ ਦੇ ਇੱਕ ਗਰੁੱਪ ਨੇ ਪੇਲੇਟ ਗੰਨ ਨਾਲ ਕਈ ਲੋਕਾਂ ’ਤੇ ਹਮਲਾ ਕਰ ਦਿੱਤਾ।

ਅਧਿਕਾਰੀਆਂ ਨੇ ਰਾਤ ਲਗਭਗ 10:30 ਵਜੇ ਲੇਕ ਬੁਲੇਵਾਰਡ ਈਸਟ ਅਤੇ ਲੋਅਰ ਕਾਕਸਵੇਲ ਏਵੇਨਿਊ ਕੋਲ ਕੁਝ ਲੋਕਾਂ ਦੇ ਰੌਲਾ ਪਾਉਣ ’ਤੇ ਪਾਰਕ ਵਿਚ ਕਾਰਵਾਈ ਕੀਤੀ। ਪੁਲਿਸ ਨੇ ਇਹ ਨਹੀਂ ਦੱਸਿਆ ਕਿ ਕਿੰਨੇ ਲੋਕਾਂ ਨੂੰ ਗੋਲੀ ਲੱਗੀ, ਪਰ ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ।

ਪੁਲਿਸ ਦਾ ਕਹਿਣਾ ਹੈ ਕਿ ਇਸ ਘਟਨਾ ਵਿੱਚ 15 ਤੋਂ 16 ਸਾਲ ਦੇ ਵਿਚਕਾਰ ਦੇ ਘੱਟ ਤੋਂ ਘੱਟ ਸੱਤ ਲੜਕੇ ਸ਼ਾਮਿਲ ਸਨ, ਜਿਨ੍ਹਾਂ ਨੇ ਕਾਲੇ ਕੱਪੜੇ ਪਹਿਨੇ ਹੋਏ ਸਨ।

ਉਹ ਲੋਕਾਂ ਨੂੰ ਇਸ ਖੇਤਰ ਤੋਂ ਬਾਹਰ ਰਹਿਣ ਦੀ ਸਲਾਹ ਦੇ ਰਹੇ ਸਨ। ਵੁਡਬਾਈਨ ਪਾਰਕ ਵਿੱਚ ਇਸ ਹਫ਼ਤੇ ਏਫਰੋਫੇਸਟ ਮਨਾਉਣ ਲਈ ਵੱਡਾ ਇਕੱਠ ਹੋਣ ਦੀ ਸੰਭਾਵਨਾ ਸੀ।

## ਐਡਮੈਂਟਨ ਦੀ ਡਾਕਟਰ ਬਣੇਗੀ ਪਹਿਲੀ ਮਹਿਲਾ ਕੈਨੇਡੀਅਨ ਕਾਰੋਬਾਰੀ ਵਪਾਰਕ ਪੁਲਾੜ ਯਾਤਰੀ

ਐਡਮੈਂਟਨ, 7 ਜੁਲਾਈ (ਪੋਸਟ ਬਿਊਰੋ): ਐਡਮੈਂਟਨ ਦੀ ਇੱਕ ਡਾਕਟਰ ਪਹਿਲੀ ਕੈਨੇਡੀਅਨ ਔਰਤ ਹੋਣਗੇ ਹਨ ਜੋ ਵਪਾਰਕ ਪੁਲਾੜ ਯਾਤਰੀ ਬਣਨਗੇ। ਡਾ. ਸ਼ਾਨਾ ਪਾਂਡਿਆ ਨੇ ਦੱਸਿਆ ਕਿ ਉਨ੍ਹਾਂ ਦਾ ਬਚਪਨ ਦਾ ਸੁਪਨਾ ਪੂਰਾ ਹੋਣ ਜਾ ਰਿਹਾ ਹੈ।

ਉਨ੍ਹਾਂ ਨੇ ਕਿਹਾ ਕਿ ਮੈਂ ਕਿਸਮਤ ਵਾਲੀ ਸੀ ਕਿ 90 ਦੇ ਦਹਾਕੇ ਵਿੱਚ ਕੈਨੇਡਾ ਦੀ ਪਹਿਲੀ ਔਰਤ ਪੁਲਾੜ ਯਾਂਤਰੀ ਡਾ. ਰਾਬਰਟਾ ਬੋਂਡਾਰ ਨੂੰ ਪੁਲਾੜ ਵਿੱਚ ਜਾਂਦੇ ਵੇਖ ਰਹੀ ਸੀ ਅਤੇ ਮੈਂ ਸੋਚਿਆ ਕਿ ਕੈਨੇਡੀਅਨ ਔਰਤਾਂ ਇਸ ਤਰ੍ਹਾਂ ਕਰ ਸਕਦੀਆਂ ਹਨ?

ਕੈਨੇਡਾ ਦੀਆਂ ਸਿਰਫ਼ ਦੋ ਔਰਤਾਂ ਪਹਿਲਾਂ ਪੁਲਾੜ ਵਿੱਚ ਗਈਆਂ ਹਨ, ਹਾਲਾਂਕਿ ਭਵਿੱਖ ਵਿੱਚ ਜੇਨੀ ਗਿਬੋਂਸ ਵੀ ਉਨ੍ਹਾਂ ਨਾਲ ਸ਼ਾਮਿਲ ਹੋਣਗੇ।

ਪਾਂਡਿਆ ਦੀ ਪੁਲਾੜ ਵਿਚ ਪਹਿਲੀ ਉਡ਼ਾਨ ਇੱਕ ਵਪਾਰਕ ਮਿਸ਼ਨ ’ਤੇ ਹੋਵੇਗੀ, ਜੋ ਨਾਸਾ ਨਾਲ ਮਿਸ਼ਨ ਤੋਂ ਅਲੱਗ ਹੈ।



2015 ਵਿੱਚ ਸਥਾਪਤ, ਇੰਟਰਨੈਸ਼ਨਲ ਇੰਸਟੀਚਿਊਟ ਫਾਰ ਐਸਟ੍ਰੋਨਾਟੀਕਲ ਸਾਇੰਸੇਜ (IIAS) ਇੱਕ non-profit research and education organization ਹੈ ਜਿਸਨੇ ਆਪਣੀ ਸਥਾਪਨਾ ਤੋਂ ਬਾਅਦ ਆਕਾਸ਼ ਮਿਸ਼ਨ ਸੰਚਾਲਿਤ ਕੀਤੇ ਹਨ।

IIAS-02 ਮਿਸ਼ਨ ਵਰਜਿਨ ਗੈਲੇਕਟਿਕ ਨਾਲ ਹਿੱਸੇਦਾਰੀ ਵਿੱਚ ਕੀਤਾ ਜਾਵੇਗਾ, ਜਿਸਦੀ ਸਥਾਪਨਾ ਅਰਬਪਤੀ ਰਿਚਰਡ ਬਰੈਨਸਨ ਨੇ ਕੀਤੀ ਸੀ। ਕੰਪਨੀ ਨੇ ਵਪਾਰਕ ਮਨੁੱਖੀ ਪੁਲਾੜ ਉਡ਼ਾਨ ਨੂੰ ਬੜਾਵਾ ਦੇਣ ਲਈ 2020 ਵਿੱਚ ਨਾਸਾ ਨਾਲ ਇੱਕ ਸਮਝੌਤਾ ਕੀਤਾ ਸੀ।

## ਸੂਰਤ ਵਿਚ 5 ਮੰਜ਼ਿਲਾ ਇਮਾਰਤ ਡਿੱਗੀ, 7 ਲਾਸ਼ਾਂ ਕੱਢੀਆਂ ਗਈਆਂ

ਸੂਰਤ, 7 ਜੁਲਾਈ (ਪੋਸਟ ਬਿਊਰੋ): ਸੂਰਤ ਸ਼ਹਿਰ ਦੇ ਸਚਿਨ ਉਦਯੋਗਿਕ ਖੇਤਰ ਵਿੱਚ ਸ਼ਨੀਵਾਰ ਦੁਪਹਿਰ ਨੂੰ ਇੱਕ ਪੰਜ ਮੰਜ਼ਿਲਾ ਇਮਾਰਤ ਡਿੱਗ ਗਈ। ਬਚਾਅ ਦਲ ਨੂੰ ਐਤਵਾਰ ਸਵੇਰ ਤੱਕ 7 ਲੋਕਾਂ ਦੀਆਂ ਲਾਸ਼ਾਂ ਮਿਲ ਚੁੱਕੀਆਂ ਹਨ। ਜਦੋਂਕਿ ਇੱਕ ਔਰਤ ਗੰਭੀਰ ਜ਼ਖ਼ਮੀ ਹੈ। ਟੀਮ ਵੱਲੋਂ ਬਚਾਅ ਕਾਰਜ ਜਾਰੀ ਹੈ। ਮਲਬਾ ਹਟਾਉਣ ਦਾ ਕੰਮ ਜਾਰੀ ਹੈ।

ਹਾਦਸੇ 'ਚ ਜਾਨ ਗਵਾਉਣ ਵਾਲਿਆਂ ਦੇ ਨਾਂ ਹੀਰਾਮਨ ਕੇਵਤ, ਅਭਿਸ਼ੇਕ ਕੇਵਤ, ਸ਼ਿਵਪੂਜਨ ਕੇਵਤ, ਸਾਹਿਲ, ਪ੍ਰਵੇਸ਼, ਬ੍ਰਿਜੇਸ਼ ਗੋਂਡ ਹਨ। ਸੱਤਵੇਂ ਦੀ ਪਛਾਣ ਨਹੀਂ ਹੋ ਸਕੀ ਹੈ। ਹਾਦਸੇ 'ਚ ਜ਼ਖਮੀ ਹੋਏ ਕਸਿਸ਼ ਸ਼ਰਮਾ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਇਮਾਰਤ 2017 ਵਿੱਚ ਹੀ ਬਣਾਈ ਗਈ ਸੀ। ਇਸ ਦੇ ਨਿਰਮਾਣ ਦੀ ਗੁਣਵੱਤਾ ਦਾ ਅੰਦਾਜ਼ਾ ਸਿਰਫ਼ 7 ਸਾਲਾਂ ਵਿੱਚ ਪੂਰੀ ਇਮਾਰਤ ਦੇ ਢਹਿ ਜਾਣ ਤੋਂ ਆਸਾਨੀ ਨਾਲ ਲਗਾਇਆ ਜਾ ਸਕਦਾ ਹੈ।




ਪਹਿਲੀ ਲਾਸ਼ ਸ਼ਨੀਵਾਰ ਰਾਤ 9:10 ਵਜੇ ਬਾਹਰ ਕੱਢੀ ਗਈ। ਇਸ ਤੋਂ ਬਾਅਦ ਦੂਸਰੀ ਲਾਸ਼ ਸਵੇਰੇ 11:50 ਵਜੇ, ਤੀਸਰੀ ਸ਼ਾਮ 4 ਵਜੇ, ਚੌਥੀ 4:30 ਵਜੇ ਅਤੇ ਤਿੰਨ ਲਾਸ਼ਾਂ ਨੂੰ 4:45 ਵਜੇ ਇਕੱਠਿਆਂ ਬਾਹਰ ਕੱਢਿਆ ਗਿਆ। ਮਲਬੇ ਹੇਠ 2-3 ਹੋਰ ਲੋਕਾਂ ਦੇ ਦੱਬੇ ਹੋਣ ਦਾ ਖਦਸ਼ਾ ਹੈ।

## ਇਮਰਾਨ ਨੇ ਪਾਕਿਸਤਾਨ ’ਚ ਦੁਬਾਰਾ ਚੋਣਾਂ ਕਰਵਾਉਣ ਲਈ ਕਿਹਾ, ਭੁੱਖ ਹੜਤਾਲ ਦੀ ਦਿੱਤੀ ਧਮਕੀ

ਇਸਲਾਮਾਬਾਦ, 7 ਜੁਲਾਈ (ਪੋਸਟ ਬਿਊਰੋ): ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਸ਼ਨੀਵਾਰ ਨੂੰ ਦੇਸ਼ 'ਚ ਨਵੇਂ ਸਿਰੇ ਤੋਂ ਚੋਣਾਂ ਕਰਵਾਉਣ ਦੀ ਮੰਗ ਕੀਤੀ ਹੈ। ਜਾਣਕਾਰੀ ਮੁਤਾਬਕ ਇਮਰਾਨ ਨੇ ਕਿਹਾ ਕਿ ਪੂਰਾ ਦੇਸ਼ ਜਾਣਦਾ ਹੈ ਕਿ 2024 ਦੀਆਂ ਚੋਣਾਂ ਪਾਕਿਸਤਾਨ ਦੇ ਇਤਿਹਾਸ ਦੀ ਸਭ ਤੋਂ ਵੱਡੀ ਧੋਖਾਧੜੀ ਸੀ। ਜੇਕਰ ਦੇਸ਼ ਨੂੰ ਬਚਾਉਣਾ ਹੈ ਤਾਂ ਚੋਣਾਂ ਦੁਬਾਰਾ ਕਰਵਾਉਣੀਆਂ ਪੈਣਗੀਆਂ।

ਉਨ੍ਹਾਂ ਨੇ ਇੱਕ ਪੋਸਟ ਵਿੱਚ ਲਿਖਿਆ ਕਿ ਮੈਂ ਭਗਵਾਨ ਵਿੱਚ ਵਿਸ਼ਵਾਸ ਕਰਦਾ ਹਾਂ। ਮੈਂ ਆਜ਼ਾਦੀ ਲਈ ਲੜਦਾ ਰਹਾਂਗਾ। ਮੈਂ ਇੱਕ ਸਾਲ ਜੇਲ੍ਹ ਵਿੱਚ ਰਿਹਾ ਹਾਂ ਅਤੇ ਕਦੇ ਵੀ ਇਨ੍ਹਾਂ ਜ਼ਾਲਮਾਂ ਅੱਗੇ ਨਹੀਂ ਝੁਕਾਂਗਾ। ਇਸ ਤੋਂ ਇਲਾਵਾ ਇਮਰਾਨ ਨੇ ਕਿਹਾ ਕਿ ਜੇ ਜੇਲ੍ਹ 'ਚ ਮੇਰੇ ਖਿਲਾਫ ਅਪਰਾਧ ਘੱਟ ਨਾ ਹੋਏ ਤਾਂ ਮੈਂ ਭੁੱਖ ਹੜਤਾਲ ਕਰਾਂਗਾ। ਜੇਕਰ ਜੇਲ੍ਹ ਵਿੱਚ ਭੁੱਖ ਹੜਤਾਲ ਹੁੰਦੀ ਹੈ ਤਾਂ ਇਹ ਹੜਤਾਲ ਪਾਕਿਸਤਾਨ ਦੇ ਹਰ ਸ਼ਹਿਰ ਵਿੱਚ ਹੋਵੇਗੀ।

MagGas Medical Brampton
MGM
MAGGAS MEDICAL INC.
Helping you breathe deep and rest easy.
• CPAP ਮਸ਼ੀਨਾਂ, ਮਾਸਕ ਅਤੇ ਸਪਲਾਈ
• ਮੁਫ਼ਤ ਸਲਾਹ
(647) 954-9885
20 Maritime Ont Blvd Unit 15
Brampton, ON L6S 0C2

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
(Government Approved Licensed Technician)
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
ਨਵਾਂ ਘਾਹ ਲਵਾਉ
ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

## ਅੱਜ ਨਾਮਾ

ਕੰਗਨਾ ਕੀਤੀ ਕਸੂਤੀ ਜਿਹੀ ਫੇਰ ਟਿਪਣੀ,
ਚਰਚਾ ਫੇਰ ਉਸ ਦੀ ਪਈ ਹੈ ਚੱਲ ਭਾਈ।
ਆਖ ਰਹੇ ਲੋਕ ਕਿ ਜਦੋਂ ਵੀ ਬੋਲਦੀ ਆ,
ਕਰਦੀ ਕਦੀ ਨਹੀਂ ਚੰਗੀ ਆ ਗੱਲ ਭਾਈ।
ਅਗਨੀਵੀਰਾਂ ਦੇ ਬਾਰੇ ਆ ਗਲਤ ਕਹਿੰਦੀ,
ਟਿਪਣੀ ਕਾਹਦੀ ਹੈ, ਸਿਰੇ ਦਾ ਝੱਲ ਭਾਈ।
ਮੁੱਦਾ ਛੇੜਦੀ ਪਈ ਖਬਰਾਂ ਬਣਨ ਖਾਤਰ,
ਵਜਾਉਂਦੀ ਬਾਕੀਆਂ ਤੋਂ ਵੱਖ ਟੱਲ ਭਾਈ।
ਪੁੱਠਾ ਬੋਲਣ ਤੋਂ ਅੱਗੇ ਨਹੀਂ ਘੱਟ ਕਰਦੀ,
ਐੱਮ ਪੀ ਵਾਲਾ ਫਤੂਰ ਪਿਆ ਹੋਰ ਭਾਈ।
ਮਿਥੇ ਭਾਜਪਾ ਕਿਤੇ ਕੁਝ ਹੱਦ ਉਸ ਲਈ,
ਵਧਦਾ ਜਾਊ ਵਰਨਾ ਏਹੀਉ ਸ਼ੋਰ ਭਾਈ।

**ਤੀਸ ਮਾਰ ਖਾਂ**

## ਸਾਬਕਾ ਖੇਡ ਮੰਤਰੀ ਅਤੇ ਸੰਸਦ ਮੈਂਬਰ ਮੀਤ ਹੇਅਰ ਨੇ ਹੰਸਰਾਜ ਬੈਡਮਿੰਟਨ ਸਟੇਡੀਅਮ ਦਾ ਦੌਰਾ ਕੀਤਾ



ਜਲੰਧਰ, 7 ਜੁਲਾਈ (ਗਿਆਨ ਸਿੰਘ): ਪੰਜਾਬ ਦੇ ਸਾਬਕਾ ਖੇਡ ਮੰਤਰੀ ਅਤੇ ਸੰਗਰੂਰ ਤੋਂ ਸੰਸਦ ਮੈਂਬਰ ਮੀਤ ਹੇਅਰ ਨੇ ਐਤਵਾਰ ਨੂੰ ਰਾਏਜ਼ਾਦਾ ਹੰਸਰਾਜ ਬੈਡਮਿੰਟਨ ਸਟੇਡੀਅਮ ਦਾ ਦੌਰਾ ਕੀਤਾ। ਹੇਅਰ ਜਲੰਧਰ ਪੱਛਮੀ ਉਪ ਚੋਣ ਲਈ 'ਆਪ' ਉਮੀਦਵਾਰ ਮਹਿੰਦਰ ਭਗਤ ਦੇ ਹੱਕ ਵਿੱਚ ਚੋਣ ਪ੍ਰਚਾਰ ਕਰ ਰਹੇ ਹਨ। ਇੱਕ ਖੇਡ ਪ੍ਰੇਮੀ ਹੋਣ ਦੇ ਨਾਤੇ,ਉਹ ਆਪਣੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਬੈਡਮਿੰਟਨ ਖੇਡਣ ਲਈ ਸਟੇਡੀਅਮ ਪਹੁੰਚੇ । ਖਿਡਾਰੀ ਓਹਨਾ ਨੂੰ ਬੈਡਮਿੰਟਨ ਹਾਲ ਦੇ ਅੰਦਰ ਦੇਖ ਕੇ ਬਹੁਤ ਉਤਸ਼ਾਹਿਤ ਦਿਖੇ । ਇਸ ਮੌਕੇ ਡੀ.ਬੀ.ਏ ਦੇ ਸਕੱਤਰ ਰਿਤਿਨ ਖੰਨਾ ਨੇ ਉਨ੍ਹਾਂ ਨੂੰ ਨਵਾਂ ਬਣਿਆ ਕੋਰਟ, ਜਿਮਨੇਜ਼ੀਅਮ ਅਤੇ ਯੋਗਾ ਹਾਲ ਵੀ ਦਿਖਾਇਆ। ਜ਼ਿਕਰਯੋਗ ਹੈ ਕਿ ਮੀਤ ਹੇਅਰ ਨੇ ਖੇਡ ਮੰਤਰੀ ਹੁੰਦਿਆਂ ਪਿਛਲੇ ਸਾਲ ਰਾਏਜ਼ਾਦਾ ਹੰਸਰਾਜ ਬੈਡਮਿੰਟਨ ਸਟੇਡੀਅਮ ਲਈ 23 ਲੱਖ ਰੁਪਏ ਦੀ ਗ੍ਰਾਂਟ ਦਿੱਤੀ ਸੀ। ਮੀਤ ਹੇਅਰ ਅੰਤ੍ਰਿੰਗ ਕਮੇਟੀ ਵੱਲੋਂ ਥੋੜ੍ਹੇ ਸਮੇਂ ਵਿੱਚ ਕਰਵਾਏ ਗਏ ਵਿਕਾਸ ਕਾਰਜਾਂ ਤੋਂ ਬਹੁਤ ਪ੍ਰਭਾਵਿਤ ਹੋਏ। ਉਨ੍ਹਾਂ ਭਵਿੱਖ ਵਿੱਚ ਵੀ ਐਸੋਸੀਏਸ਼ਨ ਦੀ ਮਦਦ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਡੀ.ਬੀ.ਏ ਦੇ ਸਕੱਤਰ ਰਿਤਿਨ ਖੰਨਾ ਨੇ ਮੀਤ ਹਾਇਰ ਨੂੰ ਸਨਮਾਨਿਤ ਕੀਤਾ।

# ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਨੇ ਨਿਆਗਰਾ ਫ਼ਾਲਜ਼ ਦੇ ਲਹਿੰਦੇ ਪਾਸੇ ਪੈਂਦੇ 'ਕੁਈਨਸਟਨ ਹਾਈਟਸ ਪਾਰਕ' 'ਚ ਮਨਾਈ ਪਿਕਨਿਕ

### ਅਫ਼ਗਾਨਿਸਤਾਨ ਦੇਗਰੁੱਪ ਨਾਲ ਹੋਈ 'ਮਿੱਤਰ-ਮਿਲਣੀ' 'ਚ ਹੋਇਆ ਭਾਵਪੂਰਤ ਵਿਚਾਰ-ਵਟਾਂਦਰਾ, ਬਾਰਸ਼ ਦੇ ਬਾਵਜੂਦ ਪਿਕਨਿਕ ਬੇਹੱਦ ਸਫ਼ਲ ਰਹੀ

ਬਰੈਂਪਟਨ, (ਡਾ. ਝੰਡ) - ਲੰਘੇ ਸ਼ਨੀਵਾਰ 29 ਜੂਨ ਨੂੰ ਟੋਰਾਂਟੋ ਪੀਅਰਸਨ ਏਅਰਪੋਰਟ ਕਲੱਬ ਦੇ ਮੈਂਬਰਾਂ ਨੇ ਨਿਆਗਰਾ ਫ਼ਾਲਜ਼ ਦੇ ਲਹਿੰਦੇ ਪਾਣੀ ਵੱਲ ਪੈਂਦੇ ਵਿਸ਼ਾਲ 'ਕੁਈਨਸਟਨ ਹਾਈਟਸ ਪਾਰਕ' ਵਿਚ ਮਨਾਈ। ਸਵੇਰ ਤੋਂਹੀ ਆਰੰਭ ਹੋਈ ਬਾਰਸ਼ ਦੀ ਪ੍ਰਵਾਹ ਨਾ ਕਰਦਿਆਂ ਕਲੱਬ ਦੇ 41 ਮੈਂਬਰ ਸਵੇਰੇ ਪੌਣੇ ਅੱਠ ਵਜੇ ਏਅਰਪੋਰਟ ਰੋਡ ਤੇ ਕੰਟਰੀ ਸਾਈਡਇੰਟਰਸੈੱਕਸ਼ਨ ਦੀ ਪਾਰਕਿੰਗ ਵਿਚ ਪਹੁੰਚ ਗਏ ਜਿੱਥੇ ਸਕੂਲ ਬੱਸ ਉਨ੍ਹਾਂ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੀ ਸੀ। ਪੂਰੇ ਅੱਠ ਵਜੇ ਇਹ ਬੱਸ ਚੱਲ ਪਈ ਤੇ ਰਸਤੇ ਵਿਚ ਕਲੱਬ ਦੇ ਕੁਝ ਹੋਰ ਮੈਂਬਰਾਂ ਨੂੰ ਨਾਲ ਲੈ ਕੇ ਨਿਆਗਰਾ ਫ਼ਾਲਜ਼ ਵੱਲ ਰਵਾਨਾ ਹੋ ਗਈ। ਸਾਰਾ ਰਸਤਾ ਮੀਂਹ ਕਦੇ ਤੇਜ਼ ਤੇ ਕਦੇ ਹੌਲੀ ਵਰ੍ਹਦਾ ਹੋਇਆ ਹਾੜ ਮਹੀਨੇ 'ਚ ਸਾਵਣ ਦੇ ਸੁਹਾਵਣੇ ਮੌਸਮ ਦੀ ਹਾਮੀ ਭਰਦਾ ਰਿਹਾ। ਨਿਆਗਰਾ ਫ਼ਾਲਜ਼ ਦੀ ਮਸ਼ਹੂਰ ਕ੍ਰਿਸਟਲ ਬੀਚ 'ਤੇ ਪਹੁੰਚ ਕੇ ਵੀ ਬਾਰਸ਼ ਲਗਾਤਾਰ ਪੈਂਦੀ ਰਹੀ। ਦਰਅਸਲ, ਮਿਥੇ ਹੋਏ ਪ੍ਰੋਗਰਾਮ ਅਨੁਸਾਰ ਮੈਂਬਰਾਂ ਦਾ ਵਿਚਾਰਇੱਥੇ 'ਕ੍ਰਿਸਟਲ ਬੀਚ' 'ਤੇ ਨੰਗੇ ਪੈਰੀਂ ਤੁਰਨ ਫਿਰਨ ਦਾ ਤੇ ਕਈਆਂ ਦਾ ਤਾਂ ਨਿਆ-ਗਰਾ ਦੇ ਠੰਢੇ ਪਾਣੀ ਵਿਚ ਤਾਰੀਆਂ ਲਾਉਣ ਦਾ ਵੀ ਸੀ ਜਿਸ ਦੇ ਲਈ ਉਹਨਿੱਕਰਾਂ ਨਾਲ ਪੈਰੀਂ ਚੱਪਲਾਂ ਪਾ ਕੇਬੈਗਾਂ ਵਿਚ ਅੰਡਰਵੀਅਰ, ਤੌਲੀਏ, ਆਦਿ ਨਾਲ ਲੈ ਕੇ ਪੂਰੀ 'ਤਿਆਰੀ' ਨਾਲ ਆਏ ਸਨ। ਪਰ 'ਇੰਦਰ ਦੇਵਤਾ' ਨੂੰ ਇਹ ਮਨਜ਼ੂਰ ਨਹੀਂ ਸੀ ਅਤੇ ਉਹ ਆਪਣਾ ਸਾਰਾ ਜ਼ੋਰ ਇਸ ਪਿਕਨਿਕ ਨੂੰ 'ਨਰਮ' ਪਾਉਣ ਲਈ ਲਗਾ ਰਿਹਾ ਸੀ। ਬੱਸ ਵਿਚ ਬੈਠੇ-ਬੈਠੇ ਹੀ ਨਾਲ ਲਿਆਂਦੇ ਗਏ ਵੈੱਜ ਤੇ ਨਾਨ-ਵੈੱਜ 'ਸੱਬਾਂ' ਨਾਲ ਸਾਰਿਆਂ ਨੇ 'ਬਰੇਕਫ਼ਾਸਟ' ਕੀਤਾ।

ਮੀਂਹ ਦਾ ਜ਼ੋਰ ਥੋੜ੍ਹਾ ਜਿਹਾ ਘੱਟਣ 'ਤੇ ਕ੍ਰਿਸਟਲ ਬੀਚ 'ਤੇ ਬਣੀ ਦੀ ਛੋਟੀ ਜਿਹੀ ਪਹਾੜੀ 'ਤੇ ਖਲੋ ਕੇ ਗਰੁੱਪ ਫ਼ੋਟੋ ਕਰਨ ਤੋਂ ਬਾਅਦ ਕਿਸੇ ਪਾਰਕ ਦੇ ਵੱਡੇ ਸ਼ੈੱਡ ਹੇਠ ਮਨਾਉਣ ਦਾ ਫ਼ੈਸਲਾ ਹੋਇਆ ਜਿਸ ਦੇ ਲਈ ਕਲੱਬ ਦੇ ਸੀਨੀਅਰ ਮੈਂਬਰ ਜੰਗੀਰ ਸਿੰਘ ਸੈਂਹਬੀ ਨੇ 'ਪੁੱਛ-ਪੁਛਾਅ' ਕੇ ਅਤੇ ਨੈੱਟ 'ਤੇ 'ਸਰਚ' ਮਾਰ ਕੇ 'ਕੁਈਨਸਟਨ ਹਾਈਟਸ ਪਾਰਕ' ਦੀ ਚੋਣ ਕੀਤੀ ਜਿੱਥੇ ਦੋ ਵੱਡੇ-ਵੱਡੇ ਸ਼ੈੱਡਾਂ ਦਾ ਵਧੀਆ ਪ੍ਰਬੰਧ ਸੀ। ਉੱਥੇ ਪਹੁੰਚਣ ਲਈ ਮੈਂਬਰਾਂ ਨੂੰ ਬੱਸ 'ਤੇ ਭਾਵੇਂ 35-40 ਮਿੰਟ ਲੱਗ ਗਏ ਪਰ ਪਹੁੰਚ ਕੇ ਵਧੀਆ ਜਗ੍ਹਾ ਮਿਲਣ ਜਾਣ 'ਤੇ ਸਾਰਿਆਂ ਦੀਪੂਰੀ ਤਸੱਲੀ ਸੀ। ਬਾਰਾਂ ਕੁ ਵਜੇ ਬਾਰਸ਼ ਵੀ ਬੰਦ ਹੋ ਗਈ। ਇੱਕ ਵੱਡੇ ਸ਼ੈੱਡ ਹੇਠ ਮੇਜ਼ਾਂ 'ਤੇ ਆਪਣਾ 'ਸਾਜ਼ੋ-ਸਮਾਨ' ਟਿਕਾ ਕੇ ਕਲੱਬ ਦੇ 'ਮੈਂਬਰ-ਕੁੱਕ' ਰਾਜ ਨੇ ਇਕ ਪਾਸੇ ਆਪਣਾ ਚੁੱਲ੍ਹਾ-ਚੌਕਾ ਸੈੱਟ ਕੀਤਾ ਤੇ ਵੱਡੇ ਪਤੀਲੇ ਵਿੱਚ 'ਗੋਟ ਮੀਟ'ਬਨਾਉਣ ਲਈ ਲੋੜੀਂਦਾ 'ਤੜਕਾ' ਬਣਨਾ ਧਰ ਦਿੱਤਾ।

ਗੋਟ ਮੀਟ ਬਣਨ ਵਿਚ ਸਮਾਂ ਤਾਂ ਲੱਗਣਾ ਹੀ ਸੀ। ਇਸ ਦੇ ਬਣਨਦੇ ਇੰਤਜ਼ਾਰ 'ਚ ਮੈਂਬਰ ਇਸ ਨੂੰ ਛਕਣ ਦੀ 'ਤਿਆਰੀ' ਵਿਚ ਰੁੱਝ ਗਏ। ਦੋ-ਦੋ, ਤਿੰਨ-ਤਿੰਨ ਹਾੜੇ ਲਾ ਕੇ ਉਨ੍ਹਾਂ ਵਿੱਚੋਂ ਕਈ ਥੋੜ੍ਹੇ-ਥੋੜ੍ਹੇ ਵਕਫ਼ੇ ਬਾਅਦ ਰਾਜ ਤੇ ਉਸ ਦੇ ਨਾਲ ਲੱਗੇ ਵਾਲੰਟੀਅਰ ਸਾਥੀਆਂ ਵੱਲ ਵੀ 'ਗੇੜਾ' ਮਾਰ ਆਉਂਦੇ, ਕਿਉਂਕਿ ਉਨ੍ਹਾਂ ਨੂੰ ਤਿਆਰੀ ਅਧੀਨ ਮੀਟ ਦਾ 'ਲੂਣ ਵੇਖਣ' ਦੀ ਵੀ ਕਾਹਲੀ ਸੀ। ਮੀਟ ਤਿਆਰ ਹੋਣ ਤੱਕ ਸਾਰੇ ਇਹ ਨਾਲ ਲਿਆਂਦੇ ਹੋਏ ਲੋਹ 'ਤੇ ਬਣੇ ਫੁਲਕਿਆਂ ਨਾਲ ਛਕਣ ਲਈ 'ਤਿਆਰ-ਬਰ-ਤਿਆਰ' ਸਨ। ਮੀਟ ਬਹੁਤ ਸੁਆਦ ਬਣਿਆ ਸੀ ਤੇ ਸਾਰਿਆਂ ਨੇ ਇਹ ਉਂਗਲਾਂ ਚੱਟ-ਚੱਟ ਕੇ ਛਕਿਆ। ਕਲੱਬ ਦੇ ਦੋ ਚਾਰ-ਮੈਂਬਰ ਵੈਸ਼ਨੋ ਵੀ ਸਨ ਤੇ ਪ੍ਰਬੰਧਕ ਪਹਿਲਾਂ ਹੀ ਉਨ੍ਹਾਂ ਲਈ ਮਿਕਸ-ਵੈਜੀਟੇਬਲਆਪਣੇ ਨਾਲ ਲਿਆਏ ਸਨ। ਇਹ ਵੱਖਰੀ ਗੱਲ ਹੈ ਕਿ ਉਨ੍ਹਾਂ ਨੂੰ ਇਹ ਫੁਲਕਿਆਂ ਨਾਲ ਠੰਢੀ ਹੀ ਖਾਣੀ ਪਈ, ਜਦ ਕਿ ਹੋਰ ਸਾਰੇ ਇਸ ਸਮੇਂ ਫੁਲਕਿਆਂ ਨਾਲ ਗਰਮ-ਗਰਮ ਮੀਟ ਦਾ ਲੁੱਤਫ਼ ਉਠਾ ਰਹੇ ਸਨ।

ਖਾ ਪੀ ਕੇ ਸਾਰੇ ਮੈਂਬਰ ਨਿਆਗਰਾ ਫ਼ਾਲ ਦਾ ਵਹਿੰਦਾ ਪਾਣੀ ਤੇ ਕੁਦਰਤ ਦੇ ਖ਼ੂਬਸੂਰਤ ਦ੍ਰਿਸ਼ ਵੇਖਣ ਲਈ ਚੱਲ ਪਏ। ਇਸ ਪਾਸੇ ਵੱਲ ਜਾਂਦਿਆਂਦੂਰੋਂ ਇੱਕ ਉੱਚਾ ਬੁਰਜ ਦਿਖਾਈ ਦੇ ਰਿਹਾ ਸੀ ਜਿਸ ਨੂੰ ਵੇਖਣ ਦੀ ਤੀਬਰ ਇੱਛਾ ਹਰੇਕ ਦੇ ਮਨ 'ਚਜਾਗ ਪਈ। ਨਿਆ-ਗਰਾ ਦਰਿਆ ਦੇ ਖੱਬੇ ਕੰਢੇ ਬਣਿਆ ਇਹ ਟਾਵਰਦਰਅਸਲ ਬ੍ਰਿਟਿਸ਼ ਆਰਮੀ ਦੇ ਕੈਪਟਨ ਬਰੌਕ ਆਇਜ਼ਕ ਦਾ ਮਕਬਰਾ ਹੈ ਜੋ 1812 ਵਿਚ ਇੱਥੇ ਅਮਰੀਕੀ ਫ਼ੌਜਾਂ ਦੇ ਵਿਰੁੱਧ ਲੜਾਈ ਕਰਦਿਆਂ ਸ਼ਹੀਦ ਹੋ ਗਿਆ ਅਤੇ ਉਸ ਦੇਮਿਰਤਕ ਸਰੀਰ ਨੂੰ ਇੱਥੇ ਦਫ਼ਨਾਇਆ ਗਿਆ ਸੀ। ਮੈਂਬਰਾਂ ਨੇ ਇਸ ਦੇ ਅੰਦਰ ਜਾ ਕੇ ਉਸ ਨਾਲ ਸਬੰਧਿਤ ਤਸਵੀਰਾਂ ਵੇਖੀਆਂ ਅਤੇ ਬਾਹਰ ਆ ਕੇ ਡਿਊਟੀ 'ਤੇ ਬ੍ਰਿਟਿਸ਼ ਆਰਮੀ ਦੀ ਵਰਦੀ 'ਚ ਤਾਇਨਾਤ ਜਵਾਨ ਨਾਲ ਖਲੋ ਕੇ ਤਸਵੀਰਾਂ ਖਿਚਵਾਈਆਂ। ਟਾਵਰ ਦੇ ਸਾਹਮਣੇ ਆ ਕੇ ਇੱਕ ਗਰੁੱਪ ਫ਼ੋਟੋ ਕੀਤੀ ਗਈ। ਸ਼ੈੱਡ ਵੱਲ ਵਾਪਸ ਆਉਂਦਿਆਂ ਕੈਨੇਡਾ ਦੇ ਪੁਰਾਣੇ ਵਾਸੀਆਂ ਦੇ ਕਾਂਸੀ ਦੇ ਦੋ ਬੁੱਤਾਂ ਵਿਚਕਾਰ ਖਲੋ ਕੇ ਕਈ ਮੈਂਬਰਾਂ ਨੇ ਫ਼ੋਟੋਆਂ ਖਿੱਚੀਆਂ।

ਸ਼ੈੱਡ ਵਿਚ ਵਾਪਸੀ 'ਤੇਕਲੱਬ ਦੇ ਮੈਂਬਰ ਜੱਸੀ ਭੁੱਲਰ ਢਪਾਲੀ ਨੇ ਇਕ ਪਾਸੇ ਪਿਕਨਿਕ ਮਨਾ ਰਹੇ ਅਫ਼ਗਾਨਿਸਤਾਨ ਦੇ ਗਰੁੱਪ ਨਾਲ ਗੱਲਬਾਤ ਸ਼ੁਰੂ ਕਰ ਲਈ। ਇਸ ਦੌਰਾਨ ਕਲੱਬ ਦੇ ਹੋਰ ਮੈਂਬਰ ਵੀ ਉਨ੍ਹਾਂ ਕੋਲ ਆ ਗਏ ਅਤੇ ਇਹ ਇਕ ਵਧਿਆ'ਗਰੁੱਪ ਡਿਸਕਸ਼ਨ' ਦਾ ਰੂਪ ਧਾਰਨ ਕਰ ਗਈ। ਕਲੱਬ ਦੇ ਮੈਂਬਰ ਨਰਿੰਦਰਪਾਲ ਬੈਂਸ ਉਨ੍ਹਾਂ ਨੂੰ ਕਲੱਬ ਦੀਆਂ ਸਰਗਰਮੀਆਂ ਅਤੇ ਇਸ ਦੇ ਕਈ ਮੈਂਬਰਾਂ ਦੀਆਂ ਅੰਤਰਰਾਸ਼ਟਰੀ ਪੱਧਰ ਦੀਆਂ ਪ੍ਰਾਪਤੀਆਂ ਬਾਰੇ ਦੱਸਿਆ, ਜਦਕਿ ਤੇ ਡਾ. ਸੁਖਦੇਵ ਸਿੰਘ ਝੰਡ ਨੇ ਉਨ੍ਹਾਂ ਨਾਲਪੰਜਾਬੀ ਸੱਭਿਆਚਾਰ ਦੀ ਗੱਲ ਕਰਦਿਆਂ ਪੰਜਾਬੀਆਂ ਦੇ ਖੁੱਲ੍ਹੇ-ਡੁੱਲ੍ਹੇ ਸੁਭਾਅ ਬਾਰੇ ਜਾਣਕਾਰੀ ਸਾਂਝੀ ਕੀਤੀ। ਅਫ਼ਗਾਨ ਦੋਸਤਾਂ ਵੱਲੋਂ ਅਫ਼ਗਾਨਿਸਤਾਨ ਦੇ ਮਾੜੇ ਸਿਆਸੀ ਹਾਲਾਤ ਦੇ ਮੱਦੇਨਜ਼ਰ ਉਨ੍ਹਾਂ ਦੇ ਕੈਨੇਡਾ ਆਉਣ ਬਾਰੇ ਜ਼ਿਕਰ ਕੀਤਾ ਗਿਆ। ਕਲੱਬ ਦੇ ਮੈਂਬਰਾਂ ਵੱਲੋਂ ਉਨ੍ਹਾਂ ਨਾਲ ਤਾਜ਼ਾ ਬਣਿਆ ਗੋਟ ਮੀਟ ਅਤੇ ਵਿਸਕੀ ਦੇ ਪੈੱਗ ਸਾਂਝੇ ਕੀਤੇ ਗਏ, ਜਦਕਿ ਦੂਸਰੇ ਪਾਸਿਉਂਕਈਅਫ਼ਗਾਨੀ ਡਿਸ਼ਾਂ, ਹਦਵਾਣਿਆਂ ਦੇ ਟੁਕੜਿਆਂ ਅਤੇ ਡਰਾਈ ਫ਼ਰੂਟ ਨਾਲ ਭਰਪੂਰ ਕਸਟਰਡ ਨਾਲ ਸਾਂਝ ਪਾਈ ਗਈ। ਅੱਧਾ ਕੁ ਘੰਟਾ ਚੱਲੀ ਇਹ ਭਾਵਪੂਰਤ 'ਮਿੱਤਰ-ਮਿਲਣੀ' ਕਾਫ਼ੀ ਅਸਰਦਾਰ ਰਹੀ। ਕਲੱਬ ਦੇ ਚੇਅਰਪਰਸਨ, ਸੰਧੂਰਾ ਸਿੰਘ ਬਰਾੜ, ਉਪ-ਪ੍ਰਧਾਨ ਪਰਮਿੰਦਰ ਗਿੱਲ, ਸੀਨੀਅਰ ਮੈਂਬਰ ਜੰਗੀਰ ਸਿੰਘ ਸੈਂਹਬੀ ਤੇ ਜੱਸੀ ਭੁੱਲਰ ਢਪਾਲੀ ਵੱਲੋਂ ਇਸ ਪਿਕਨਿਕ ਨੂੰ ਸਫ਼ਲ ਬਨਾਉਣ ਲਈ ਸਮੂਹ ਮੈਂਬਰਾਂ, ਵਾਲੰਟੀਅਰਾਂ ਤੇ ਰਾਜ ਕੁੱਕ ਦਾ ਧੰਨਵਾਦ ਕੀਤਾ ਗਿਆ। ਪਿਕਨਿਕ ਦੀ ਸ਼ਾਨਦਾਰ ਫ਼ੋਟੋਗ੍ਰਾਫ਼ੀ ਤੇ ਵੀਡੀਓਗ੍ਰਾਫ਼ੀ ਲਈ ਮਨਜੀਤ ਨੌਟਾਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਸ਼ਾਮ ਦੇ ਛੇ ਵਜੇ ਉੱਥੋਂ ਚੱਲ ਕੇ ਅੱਠ ਵਜੇ ਦੇ ਕਰੀਬ ਮੈਂਬਰ ਘਰੀਂ ਪਹੁੰਚੇ।









TAX & ACCOUNTING

TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX

Harcharan S. Grover
Chartered Accountant

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ

Call for Professional Advice
905.247.0193
info@grovercpa.ca


GroVerCPA Professional Corporation



214-7895 Tranmere Drive, Mississauga ON L5S 1V9

Allseas Fisheries Inc. is Hiring!
DZ licensed delivery drivers needed.
Pay is $24/hour. Full time, permanent
Should work any day of the week, including weekends.
If interested, please forward resume to rgidda@allseas.net

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS





We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ



Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also
Sponsor Your Family

MacroGlobal Immigration Services Ltd.
Seema Bhayana
MEMBER ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public

Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters

Paramjit Singh Gill
(MBA,LL.B.)
Tel: 905-790-3636



2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

# ਕੈਲੇਡਨ ਦੀ ਬੋਨੀਗਲੈੱਨ ਸੀਨੀਅਰਜ਼ ਕਲੱਬ ਨੇ ਮਾਨਸਿਕ ਸਿਹਤ ’ਤੇ ਸੈਮੀਨਾਰ ਕਰਵਾਇਆ

## ਸੈਮੀਨਾਰ ਦੇ ਮੁੱਖ-ਬੁਲਾਰੇ ਉੱਘੇ ਵਿਦਵਾਨ ਡਾ. ਗੁਲਜ਼ਾਰ ਸਿੰਘ ਸਨ





ਕੈਲੇਡਨ, (ਡਾ. ਝੰਡ) -ਲੰਘੇ ਵੀਰਵਾਰ 27 ਜੂਨ ਨੂੰ ਕੈਲੇਡਨ ਦੀ ਬੋਨੀਗਲੈੱਨ ਸੀਨੀਅਰਜ਼ ਕਲੱਬ ਵੱਲੋਂ ਮਾਨਸਿਕ ਸਿਹਤ ਉੱਪਰ ਸ਼ਾਨਦਾਰ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਸੈਮੀਨਾਰ ਦੇ ਮੁੱਖ-ਬੁਲਾਰੇ ਪੰਜਾਬੀ ਭਾਈਚਾਰੇ ਦੀ ਜਾਣੀ-ਪਛਾਣੀ ਬਹੁ-ਪੱਖੀ ਸ਼ਖ਼ਸੀਅਤ ਡਾ. ਗੁਲਜ਼ਾਰ ਸਿੰਘ ਸਨ ਜੋ ਪਿਛਲੇ ਲੰਮੇਂ ਸਮੇਂ ਤੋਂ ਮਾਨਸਿਕ ਸਿਹਤ ਦੀਆਂ ਸਮੱਸਿਆਵਾਂ ਅਤੇ ਇਨ੍ਹਾਂ ਦੇ ਹੱਲ ਉੱਪਰ ਬਾਖ਼ੂਬੀ ਕੰਮ ਕਰ ਰਹੇ ਹਨ। ਇਸ ਦੇ ਨਾਲ ਹੀ ਉਹ ਗੁਰਬਾਣੀ ਦੇ ਗਿਆਤਾ ਤੇ ਵਧੀਆ ਵਿਆਖਿਆਕਾਰ ਹਨ ਅਤੇ ਵੱਖ-ਵੱਖ ਧਾਰਮਿਕ ਸਮਾਗ਼ਮਾਂ ਦੌਰਾਨ ਗੁਰਬਾਣੀ ਨਾਲ ਸਬੰਧਿਤ ਆਪਣੇ ਵਿਚਾਰ ਪੇਸ਼ ਕਰਦੇ ਰਹਿੰਦੇ ਹਨ। ਪੜ੍ਹੇ-ਲਿਖੇ ਨੌਜੁਆਨ ਵਰਗ ਨੂੰ ਉਨ੍ਹਾਂ ਦਾ ਗੁਰਬਾਣੀ ਦੀ ਕਥਾ ਕਰਨ ਦਾ ਸਟਾਈਲ ਖ਼ਾਸ ਤੌਰ ‘ਤੇ ਪਸੰਦ ਹੈ, ਕਿਉਂਕਿ ਉਹ ਸਿੱਖ ਧਰਮ ਅਤੇ ਹੋਰ ਧਰਮਾਂ ਦੇ ਵਿਦਵਾਨਾਂ ਦੀਆਂ ਕਈ ਅੰਗਰੇਜ਼ੀਕੋਟੇਸ਼ਨਾਂ ਨੂੰ ਵੀ ਆਪਣੇ ਸੰਬੋਧਨਾਂ ਵਿਚ ਅਕਸਰ ਸ਼ਾਮਲ ਕਰਦੇ ਹਨ।

ਸੈਮੀਨਾਰ ਦੌਰਾਨ ਉਨ੍ਹਾਂ ਮਾਨਸਿਕ ਸਿਹਤ ਸਬੰਧੀ ਆਪਣੇ ਵਿਚਾਰ ਬੜੇ ਭਾਵਪੂਰਤ ਤੇ ਸਰਲ ਭਾਸ਼ਾ ਵਿਚ ਪੇਸ਼ ਕੀਤੇ ਜਿਨ੍ਹਾਂ ਨੂੰ ਸਰੋਤਿਆਂ ਵੱਲੋਂ ਬੇਹੱਦ ਪਸੰਦ ਕੀਤਾ ਗਿਆ। ਆਪਣੇ ਸੰਬੋਧਨ ਵਿਚ ਵਿਸ਼ੇਸ਼ ਤੌਰ ‘ਤੇ ਉਨ੍ਹਾਂ ਵਿਸਥਾਰ ਵਿਚ ਦੱਸਿਆ ਕਿ ਮਾਨਸਿਕ ਸਿਹਤ ਕੀ ਹੈ, ਮਾਨਸਿਕ ਰੋਗੀ ਕੌਣ ਹਨ ਅਤੇ ਇਸ ਗੰਭੀਰ ਸਮੱਸਿਆ ਦਾ ਹੱਲ ਕੀ ਹੈ। ਸੀਨੀਅਰਜ਼ ਨੂੰ ਮਸ਼ਵਰਾ ਦਿੰਦਿਆਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੂੰ ਹਰੇਕ ਪਰਿਵਾਰਕ ਮਸਲੇ ਵਿਚ ਬੇਲੋੜਾ ਦਖ਼ਲ ਅਤੇ ਸਲਾਹ ਨਹੀਂ ਦੇਣੀ ਚਾਹੀਦੀ, ਕਿਉਂਕਿ ਇਹ ਨਾ ਮੰਨੇ ਜਾਣ ‘ਤੇ ਉਨ੍ਹਾਂ ਨੂੰ ਗੁੱਸਾ ਆਉਣਾ ਸੁਭਾਵਿਕ ਹੈ। ਉਨ੍ਹਾਂ ਕਿਹਾ ਕਿ ਇਸ ਗੁੱਸੇ ਉੱਪਰ ਕੰਟਰੋਲ ਕਰਨਾ ਵੀ ਓਨਾ ਹੀ ਜ਼ਰੂਰੀ ਹੈ।

ਸਮਾਗ਼ਮ ਦੀ ਸ਼ੁਰੂਆਤ ਕਰਦੇ ਹੋਏ ਕਲੱਬ ਦੇ ਸਰਗ਼ਰਮ ਮੈਂਬਰ ਮਲੂਕ ਸਿੰਘ ਕਾਹਲੋਂ ਨੇ ਡਾ. ਗੁਲਜ਼ਾਰ ਸਿੰਘ ਦੀ ਸਰੋਤਿਆਂ ਨਾਲ ਜਾਣ-ਪਛਾਣ ਕਰਾਈ ਅਤੇ ਕਲੱਬ ਦੇ ਪ੍ਰਧਾਨ ਤਰਲੋਚਨ ਸਿੰਘ ਨੇ ਕਲੱਬ ਵੱਲੋਂ ਭਾਈ ਗੁਲਜ਼ਾਰ ਸਿੰਘ, ਮਹਿਮਾਨਾਂ ਤੇ ਮੈਂਬਰਾਂ ਨੂੰ ‘ਜੀ-ਆਇਆਂ’ ਕਹਿਣ ਦਾ ਸੱਦਾ ਦਿੱਤਾ ਜਿਨ੍ਹਾਂ ਨੇ ਇਹ ਅਹਿਮ ਡਿਊਟੀ ਨਿਭਾਉਂਦਿਆਂ ਆਪਣੇ ਸੰਬੋਧਨ ਵਿਚ ਭਾਰਤ ਦੇ ਅਮੀਰ ਸੱਭਿਆਚਾਰ ਤੇ ਵਿਦਿਅਕ ਪਰੰਪਰਾ ਦੀ ਮਹੱਤਤਾ ਬਾਰੇ ਸੰਖੇਪ ‘ਚ ਰੌਸ਼ਨੀ ਪਾਈ।

ਸਮਾਗ਼ਮ ਦੇ ਅੰਤ ਵਿਚ ਦਿਲਮੇਘ ਸਿੰਘ ਖੱਟੜਾ ਨੇ ਭਾਈ ਸਾਹਿਬ ਤੇ ਸਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਮਾਨਸਿਕ ਸਿਹਤ ਦਾ ਵਿਸ਼ਾ ਅੱਜਕੱਲ੍ਹ ਬੜਾ ਅਹਿਮ ਤੇ ਵਿਆਪਕ ਹੈ। ਮਾਨਸਿਕ ਰੋਗ ਹੋਣ ਦੇ ਕਈ ਕਾਰਨ ਹਨ ਜਿਨ੍ਹਾਂ ਉੱਪਰ ਗਾਹੇ-ਬਗਾਹੇ ਵਿਚਾਰ-ਵਟਾਂਦਰਾ ਹੁੰਦਾ ਰਹਿਣਾ ਚਾਹੀਦਾ ਹੈ। ਡਾ. ਗੁਲਜ਼ਾਰ ਸਿੰਘ ਦਾ ਸਨਮਾਨ ਕਰਦਿਆਂ ਕਲੱਬ ਦੀ ਕਾਰਜਕਾਰਨੀ ਵੱਲੋਂ ਉਨ੍ਹਾਂ ਨੂੰ ਦਸਤਾਰ ਭੇਂਟ ਕੀਤੀ ਗਈ। ਇਸ ਦੌਰਾਨ ਚਾਹ-ਪਾਣੀ ਦਾ ਲੰਗਰ ਅਟੁੱਟ ਵਰਤਿਆ। ਇਸ ਤਰ੍ਹਾਂ ਇਹ ਸਮਾਗ਼ਮ ਸਾਰਿਆਂ ਲਈ ਯਾਦਗਾਰੀ ਹੋ ਨਿਬੜਿਆ।

ਸਮਾਗ਼ਮ ਵਿਚ ਕਲੱਬ ਦੇ ਅਹੁਦੇਦਾਰਾਂ ਗੁਰਦੇਵ ਸਿੰਘ ਸੇਖੋਂ (ਕੈਸ਼ੀਅਰ) ਤੇ ਬਲਤੇਜ ਸਿੰਘ ਬਰਾੜ (ਉਪ-ਪ੍ਰਧਾਨ) ਸਮੇਤਕਾਰਜਕਾਰਨੀ ਦੇ ਮੈਂਬਰਾਂ ਗੁਰਚਰਨ ਸਿੰਘ ਟਿਵਾਣਾ, ਸੁਰਜੀਤ ਸਿੰਘ ਵਿਰਕ ਸੀਨੀਅਰ ਤੇ ਜੂਨੀਅਰ ਤੋਂ ਇਲਾਵਾ ਬਲਦੇਵ ਸਿੰਘ ਢੇਸੀ, ਧਰਮ ਸਿੰਘ ਭੰਗੂ, ਰਣਜੀਤ ਸਿੰਘ ਭੰਗੂ, ਕਰਮਜੀਤ ਸਿੰਘ ਗਿੱਲ, ਅਮਰਬੀਰ ਸਿੰਘ ਸਰਾਅ, ਅਮਰੀਕ ਸਿੰਘ ਬਾਜਵਾ, ਹਰਭਜਨ ਸਿੰਘ, ਮਾਸਟਰ ਭਜਨ ਸਿੰਘ ਸੇਖੋਂ, ਸੰਤੋਖ ਸਿੰਘ, ਬਲਜੀਤ ਸਿੰਘ ਗਿੱਲ, ਹੁਨਰ ਕਾਹਲੋਂ, ਰਘਬੀਰ ਸਿੰਘ ਉਭੀ, ਜਰਨੈਲ ਸਿੰਘ ਰੰਧਾਵਾ, ਭੋਲਾ ਸਿੰਘ ਤੇ ਕਈ ਹੋਰ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਇਸ ਦੇ ਨਾਲ ਹੀ ਬੀਬੀਆਂ ਨੇ ਵੀ ਸੈਮੀਨਾਰ ਵਿਚ ਵੱਡੀ ਗਿਣਤੀ ਵਿਚ ਆਪਣੀ ਸ਼ਮੂਲੀਅਤ ਕਰਦਿਆਂ ਹੋਇਆਂ ਇਸ ਵਿਚ ਹੋਈਆਂ ਵਿਚਾਰਾਂ ਦਾ ਭਰਪੂਰ ਲਾਭ ਉਠਾਇਆ। ਕਲੱਬ ਵੱਲੋਂ ਆਏ ਮਹਿਮਾਨਾਂ ਤੇ ਮੈਂਬਰਾਂ ਦੀ ਚਾਹ-ਪਾਣੀ ਤੇ ਸੁਆਦਲੇ ਸਨੈਕਸ ਨਾਲ ਸੇਵਾ ਕੀਤੀ ਗਈ।






ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Well settled Ramgarhia Family living in Winnipeg from 16 years looking for a suitable match for their son 33-year-old,5-10 Tall, clean shaved, Active in Real Estate Business and financing Business Manitoba and Ontario.
Contact number-204-510-7658 and 519-917-5055.
7Feb

Sikh Tonk kashtriya Boy Feb/1993 Born, height 5.11”, B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ ’ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898


ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com











## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5’9”, ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5’11’’, B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5”8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







**Allseas Fisheries Inc. is Hiring!**

**DZ licensed delivery drivers needed.**

Pay is $24/hour. Full time, permanent

Should work any day of the week, including weekends.

If interested, please forward resume to **rgidda@allseas.net**


## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਲੜਕੀ, 28 ਸਾਲ, 5'6", ਕੇਨੈਡਾ ਵਿੱਚ ਵਿਜਟਰ ਵੀਜ਼ੇ ’ਤੇ ਰਹਿ ਰਹੀ ਲੜਕੀ ਲਈ ਕੈਨੇਡੀਅਨ ਸਿਟੀਜਨ/ਪੀ.ਆਰ. ਜੱਟ ਸਿੱਖ ਲੜਕੇ ਦੀ ਜ਼ਰੂਰਤ। ਸੰਪਰਕ: 647-203-7573

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5’3”. Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5’4” tall, has a bachelor’s degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5’1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com






## ਲੜਕੇ ਦੀ ਲੋੜ

ਗਿੱਲ ਜੱਟ ਸਿੱਖ, 1992, ਇਕਲੌਤੀ, B.Tech. ਲੜਕੀ ਲਈ ਗੁਰਸਿੱਖ ਕੈਨੇਡੀਅਨ ਸੈਟਲਡ ਪਰਿਵਾਰ ਦੇ ਲੜਕੇ ਦੀ ਲੋੜ। ਸੰਪਰਕ: 9464034653, 2364582228

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁੱਟ 4’’, ਬੀ.ਏ ਪਾਸ, ਹੇਅਰ ਐਂਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ ’ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5’-3’’, ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ: 9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜ਼ਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈੱਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5’11’’ ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5’2’’ ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664




# ਭੀੜਾਂ ਦੀ ਭਾਜੜ ਵਿੱਚ ਮਰਦੇ ਲੋਕ ਤੇ ਚਿੰਤਾ ਸਿਰਫ ਮੁਆਵਜ਼ੇ ਦੇਣ ਦੇ ਐਲਾਨਾਂ ਤੱਕ ਸੀਮਤ!



ਜਤਿੰਦਰ ਪਨੂੰ ਦੀ ਕਲਮ ਤੋਂ

ਸਾਡਾ ਦੇਸ਼ ਭਾਰਤ ਤਰੱਕੀ ਕਰੇ, ਦੁਨੀਆ ਭਰ ਦੇ ਦੇਸ਼ਾਂ ਦਾ ਮੋਹਰੀ ਬਣੇ, ਸਾਡੀ ਕੋਈ ਟੀਮ ਕਿਸੇ ਖੇਡ ਵਿੱਚ ਵੀ ਸੰਸਾਰ ਪੱਧਰ ਦਾ ਮੁਕਾਬਲਾ ਜਿੱਤ ਜਾਵੇ ਤਾਂ ਇਸ ਦੀ ਖੁਸ਼ੀ ਸਾਰੇ ਭਾਰਤੀ ਮਨਾਉਂਦੇ ਹਨ, ਅਸੀਂ ਵੀ ਇਸ ਤੋਂ ਕਦੇ ਲਾਂਭੇ ਰਹਿਣ ਬਾਰੇ ਨਹੀਂ ਸੋਚਿਆ। ਭਾਰਤ ਕਿਸੇ ਦਿਨ ਸੱਚਮੁੱਚ 'ਵਿਸ਼ਵ ਗੁਰੂ' ਹੋਣ ਦਾ ਦਰਜਾ ਅਮਲ ਵਿੱਚ ਹਾਸਲ ਕਰ ਲਵੇ ਤਾਂ ਭਾਰਤੀ ਹੋਣ ਕਾਰਨ ਸਾਰੇ ਭਾਰਤੀਆਂ ਵਾਂਗ ਸਾਨੂੰ ਵੀ ਦਿਲੋਂ ਖੁਸ਼ੀ ਹੋਵੇਗੀ, ਪਰ ਉਹ ਦਿਨ ਕਦੋਂ ਆਵੇਗਾ, ਇਸ ਦਾ ਕੋਈ ਅੰਦਾਜ਼ਾ ਇਸ ਕਰ ਕੇ ਨਹੀਂ ਲਾਇਆ ਜਾ ਸਕਦਾ ਕਿ ਜਿਹੜੇ ਲੋਕ ਇਹ ਦਾਅਵਾ ਕਰਦੇ ਹਨ, ਉਹ ਰਾਜਨੀਤੀ ਦੇ ਖੇਤਰ ਵਿੱਚ ਏਦਾਂ ਦੀਆਂ ਗੱਲਾਂ ਕਰੀ ਜਾਂਦੇ ਹਨ ਕਿ ਉਨ੍ਹਾਂ ਦੇ ਕਹੇ ਦਾ ਯਕੀਨ ਨਹੀਂ ਹੁੰਦਾ। ਉਂਝ ਇਹ ਵਿਸ਼ਵ ਗੁਰੂ ਦਾ ਦਾਅਵਾ ਅਸੀਂ ਏਨੀ ਵਾਰ ਸੁਣ ਚੁੱਕੇ ਹਾਂ ਕਿ ਜਦੋਂ ਕਦੇ ਸੁਫਨੇ ਵਿੱਚ ਭਾਰਤ ਦਾ ਨਕਸ਼ਾ ਵੀ ਨਜ਼ਰ ਆ ਜਾਵੇ ਤਾਂ ਓਸੇ ਨੂੰ ਇਸ ਦਾਅਵੇ ਦੀ ਪ੍ਰਾਪਤੀ ਦਾ ਟਾਈਮ ਟੇਬਲ ਪੁੱਛਣ ਲੱਗਦੇ ਹਾਂ। ਸੁਫਨਾ ਤਾਂ ਸੁਫਨਾ ਹੁੰਦਾ ਹੈ, ਉਸ ਵਿੱਚ ਕੁਝ ਕਿਸੇ ਨੇ ਕਿਹਾ ਵੀ ਹੋਵੇ ਤਾਂ ਨਾ ਉਹ ਬਹੁਤਾ ਸਪੱਸ਼ਟ ਹੁੰਦਾ ਹੈ ਤੇ ਨਾ ਅੱਖ ਖੁੱਲ੍ਹਣ ਮਗਰੋਂ ਉਸ ਬਾਰੇ ਸੋਚਣ ਲਈ ਆਪਣਾ ਸਿਰ ਖਪਾਉਣ ਦੀ ਕਿਸੇ ਨੂੰ ਲੋੜ ਮਹਿਸੂਸ ਹੁੰਦੀ ਹੈ। ਫਿਰ ਵੀ ਇਹ ਦਾਅਵੇ ਕੀਤੇ ਜਾਂਦੇ ਰਹਿੰਦੇ ਹਨ ਅਤੇ ਦਾਅਵੇ ਉਹ ਵੱਡੇ ਲੋਕ ਕਰੀ ਜਾਂਦੇ ਹਨ, ਜਿਨ੍ਹਾਂ ਦੀ ਗੱਲ ਕੋਈ ਸੁਣਨਾ ਚਾਹੇ ਜਾਂ ਨਾ, ਦੇਸ਼ ਦਾ ਮੀਡੀਆ ਸਾਨੂੰ ਸੁਣਾਉਣ ਲਈ ਸਮੁੱਚਾ ਜ਼ੋਰ ਲਾਈ ਰੱਖਦਾ ਹੈ। ਇਸ ਲਈ ਸਾਰਾ ਨਹੀਂ ਤਾਂ ਨਾ ਸਹੀ, ਕੁਝ ਨਾ ਕੁਝ ਅਸਰ ਸਾਡੇ ਸਾਰਿਆਂ ਉੱਤੇ ਵੀ ਹੋ ਸਕਦਾ ਹੈ।

ਅਸੀਂ ਪਹਿਲਾਂ ਕਹਿ ਦਿੱਤਾ ਹੈ ਕਿ ਇਹ ਸੋਹਣੇ ਜਾਪ ਰਹੇ ਦਾਅਵੇ ਕਰਨ ਵਾਲੇ ਲੋਕਾਂ ਦਾ ਭਰੋਸਾ ਖਾਸ ਨਹੀਂ ਰਹਿ ਗਿਆ, ਇਸ ਲਈ ਅਸੀਂ ਇਸ ਦਾਅਵੇ ਜਾਂ ਸੁਫਨੇ ਬਾਰੇ ਬਹੁਤਾ ਸੋਚਣ ਦੀ ਥਾਂ ਦੇਸ਼ ਅੰਦਰਲੀਆਂ ਹਕੀਕਤਾਂ ਬਾਰੇ ਸੋਚਣ ਦੀ ਵੱਧ ਲੋੜ ਸਮਝਦੇ ਹਾਂ। ਹਕੀਕਤਾਂ ਕੀ ਅਤੇ ਕਿੰਨੀਆਂ ਬੇਰਹਿਮ ਹਨ, ਇਸ ਦਾ ਅੰਦਾਜ਼ਾ ਪਿਛਲੇ ਹਫਤੇ ਉੱਤਰ ਪ੍ਰਦੇਸ਼ ਵਿੱਚ ਇੱਕ ਭਾਜੜ ਦੌਰਾਨ ਸਵਾ ਸੌ ਤੋਂ ਵੱਧ ਲੋਕਾਂ ਦੀਆਂ ਮੌਤਾਂ ਹੋਣ ਕਾਰਨ ਲੱਗ ਜਾਂਦਾ ਹੈ। ਭਾਰਤ ਦੇ ਕਿਸੇ ਰਾਜ ਵਿੱਚ ਹੋਏ ਕਿਸੇ ਧਾਰਮਿਕ ਰੰਗਤ ਵਾਲੇ ਸਮਾਗਮ ਜਾਂ ਕਿਸੇ ਮਾਨਤਾ ਪ੍ਰਾਪਤ ਧਾਰਮਿਕ ਅਸਥਾਨ ਵਿੱਚ ਏਦਾਂ ਦੀ ਭਾਜੜ ਪੈਣ ਅਤੇ ਬਹੁਤ ਸਾਰੇ ਲੋਕਾਂ ਦੇ ਮਾਰੇ ਜਾਣ ਦਾ ਇਹ ਕੋਈ ਪਹਿਲਾ ਕੇਸ ਨਹੀਂ। ਜਦੋਂ ਇਹ ਪਹਿਲਾ ਕੇਸ ਨਹੀਂ ਤਾਂ ਸਾਨੂੰ ਸਭ ਨੂੰ ਪਤਾ ਹੈ ਕਿ ਇਹ ਦੁਖਾਂਤ ਭਾਰਤ ਦੇ ਲੋਕਾਂ ਵਾਸਤੇ ਇਹ ਆਖਰੀ ਵੀ ਨਹੀਂ ਹੋਣਾ, ਅਗਲੇ ਸਮੇਂ ਵਿੱਚ ਅਗਲੀ ਕਿਹੜੀ ਥਾਂ ਕਦੋਂ ਏਦਾਂ ਦੀ ਭਾਜੜ ਕਿੰਨੇ ਲੋਕਾਂ ਦੀ ਜਾਨ ਲੈ ਲਵੇ, ਇਸ ਬਾਰੇ ਕੋਈ ਨਹੀਂ ਜਾਣਦਾ। ਭਾਰਤ ਵਿੱਚ ਇਸ ਵਾਰੀ ਹੋਏ ਇਸ ਦੁਖਾਂਤ ਵਿੱਚ ਇੱਕ ਸੌ ਪੰਝੀ ਦੇ ਕਰੀਬ ਲੋਕ ਮਾਰੇ ਗਏ ਹਨ, ਪਰ ਇਸ ਤੋਂ ਪਹਿਲਾਂ ਏਦੂੰ ਵੀ ਵੱਧ ਲੋਕ ਮਾਰੇ ਜਾਂਦੇ ਰਹੇ ਹਨ ਅਤੇ ਸਰਕਾਰਾਂ ਨੇ ਭਵਿੱਖ ਵਿੱਚ ਏਦਾਂ ਦੇ ਦੁਖਾਂਤ ਵਾਪਰਨ ਤੋਂ ਰੋਕ ਸਕਣ ਵਾਲੀ ਕੋਈ ਨੀਤੀ ਕਦੀ ਬਣਾਈ ਹੀ ਨਹੀਂ ਜਾਪਦੀ। ਤਾਜ਼ਾ ਦੁਖਾਂਤ ਪਿੱਛੋਂ ਅਸੀਂ ਆਪਣੇ ਕੋਲੋਂ ਕੁਝ ਕਹਿਣ ਦੀ ਥਾਂ ਆਪਣੇ ਪਾਠਕਾਂ ਨੂੰ ਦੇਸ਼ ਵਿੱਚ ਹੋਏ ਏਦਾਂ ਦੇ ਦੁਖਾਂਤਾਂ ਦੀ ਲੰਮੀ ਲੜੀ ਉੱਤੇ ਇੱਕ ਝਾਤ ਪਵਾਉਣ ਦੀ ਕੋਸ਼ਿਸ਼ ਕਰਨ ਦੀ ਆਗਿਆ ਚਾਹੁੰਦੇ ਹਾਂ।

ਸਾਲ 1992 ਵਿੱਚ ਇੱਕ ਇਹੋ ਜਿਹਾ ਦੁਖਾਂਤ ਤਾਮਿਲ ਨਾਡੂ ਦੇ ਕੁੰਭਾਕੋਨਮ ਵਿੱਚ ਵਾਪਰਿਆ ਸੀ, ਜਿੱਥੇ ਧਾਰਮਿਕ ਉਤਸਵ ਦੌਰਾਨ ਭਾਜੜ ਮੱਚ ਗਈ ਤੇ ਪੰਜਾਹ ਤੋਂ ਵੱਧ ਲੋਕ ਮਾਰੇ ਗਏ ਸਨ। ਚਰਚਾ ਇਹ ਸੀ ਕਿ ਉਚੇਚੀ ਪਹੁੰਚੀ ਮੁੱਖ ਮੰਤਰੀ ਜੈਲਲਿਤਾ ਨੂੰ ਇਸ਼ਨਾਨ ਕਰਨ ਦੀ ਪਹਿਲ ਦੇਣ ਨਾਲ ਇੱਕ ਪਾਸੇ ਜੁੜੀ ਭੀੜ ਵਧ ਗਈ ਤੇ ਹਾਲਾਤ ਏਨੇ ਵਿਗੜ ਗਏ ਕਿ ਸੁਰੱਖਿਆ ਫੋਰਸਾਂ ਤੋਂ ਕਾਬੂ ਨਹੀਂ ਸਨ ਕੀਤੇ ਜਾ ਸਕੇ ਅਤੇ ਦੁਖਾਂਤ ਵਾਪਰ ਗਿਆ ਸੀ। ਫਿਰ 2010 ਵਿੱਚ ਇੱਕ ਵਾਰੀ ਏਦਾਂ ਦੇ ਉਤਸਵ ਮੌਕੇ ਉੱਤਰ ਪ੍ਰਦੇਸ਼ ਦੇ ਪ੍ਰਤਾਪਗੜ੍ਹੀ ਵਿੱਚ ਭਾਜੜ ਮੱਚ ਗਈ ਤੇ ਤਰੇਹਠ ਲੋਕ ਓਥੇ ਮਾਰੇ ਗਏ ਗਏ ਸਨ। ਲੋਕੀਂ ਉਸ ਧਾਰਮਿਕ ਅਸਥਾਨ ਦੇ ਮੁਖੀ ਕ੍ਰਿਪਾਲੂ ਮਹਾਰਾਜ ਦੀ ਪਤਨੀ ਦੀ ਪਹਿਲੀ ਬਰਸੀ ਮੌਕੇ ਸ਼ਰਧਾ ਪੇਸ਼ ਕਰਨ ਲਈ ਪਹੁੰਚੇ ਸਨ। ਸਾਲ 2011 ਵਿੱਚ ਕੇਰਲਾ ਦੇ ਪ੍ਰਸਿੱਧ ਸਾਬਰੀਮਾਲਾ ਮੰਦਰ ਵਿੱਚ ਧਾਰਮਿਕ ਉਤਸਵ ਦੇ ਦੌਰਾਨ ਭੀੜ ਵਿੱਚ ਭਾਜੜ ਮੱਚ ਗਈ ਅਤੇ ਇੱਕ ਸੌ ਛੇ ਲੋਕਾਂ ਦੀ ਮੌਤ ਹੋ ਗਈ ਸੀ। ਨਵੰਬਰ 1994 ਵਿੱਚ ਨਾਗਪੁਰ ਵਿੱਚ ਇੱਕ ਸਮਾਜੀ ਭਾਈਚਾਰੇ ਦੇ ਧਾਰਮਿਕ ਸਮਾਗਮ ਦੌਰਾਨ ਭੀੜ ਕਾਬੂ ਤੋਂ ਬਾਹਰ ਹੁੰਦੀ ਵੇਖ ਕੇ ਪੁਲਸ ਨੂੰ ਲਾਠੀਚਾਰਜ ਕਰਨ ਦੇ ਹੁਕਮ ਮਿਲ ਗਏ ਤਾਂ ਇਸ ਨਾਲ ਭਾਜੜ ਮੱਚ ਗਈ ਅਤੇ ਕੁਝ ਪਲਾਂ ਵਿੱਚ ਇੱਕ ਸੌ ਚੌਦਾਂ ਲੋਕ ਅਣਿਆਈ ਮੌਤ ਕਾਰਨ ਦੁਨੀਆ ਤੋਂ ਤੋਰ ਦਿੱਤੇ ਗਏ ਸਨ। ਅਕਤੂਬਰ 2013 ਵਿੱਚ ਮੱਧ ਪ੍ਰਦੇਸ਼ ਦੇ ਰਤਨਗੜ੍ਹ ਵਿੱਚ ਨਵਰਾਤਰੀ ਮੇਲੇ ਮੌਕੇ ਭੀੜ ਵਿੱਚ ਭਾਜੜ ਮੱਚ ਗਈ ਅਤੇ ਲੋਕ ਇੱਕ ਦੂਸਰੇ ਨੂੰ ਮਿਧਦੇ ਹੋਏ ਬਚਣ ਦਾ ਯਤਨ ਕਰਨ ਲੱਗੇ। ਇਸ ਮੇਲੇ ਵਿੱਚ ਹੋਈ ਭਾਜੜ ਵਿੱਚ ਇੱਕ ਸੌ ਪੰਦਰਾਂ ਲੋਕਾਂ ਦੀ ਮੌਤ ਹੋਈ, ਪਰ ਰਾਜ ਤੇ ਕੇਂਦਰੀ ਸਰਕਾਰਾਂ ਨੇ ਇਹ ਨਹੀਂ ਸੀ ਕਿਹਾ ਕਿ ਏਦਾਂਦੇ ਦੁਖਾਂਤ ਫਿਰ ਨਹੀਂ ਹੋਣ ਦੇਣੇ, ਸਿਰਫ ਮ੍ਰਿਤਕਾਂ ਦੇ ਵਾਰਸਾਂ ਅਤੇ ਪੀੜਤਾਂ ਨੂੰ ਮਾਇਆ ਵੰਡ ਕੇ ਸਾਰ ਲਿਆ ਸੀ।

ਫਿਰ ਵੀ ਜਿਹੜੇ ਦੁਖਾਂਤ ਬਹੁਤ ਵੱਡੇ ਗਿਣੇ ਜਾਂਦੇ ਹਨ ਤੇ ਜਿਨ੍ਹਾਂ ਦੀ ਗੱਲਸੰਸਾਰ ਵਿੱਚ ਵਾਪਰੇ ਏਦਾਂ ਦੇ ਦੁਖਾਂਤਾਂ ਵਿੱਚ ਸ਼ਾਮਲ ਕੀਤੀ ਜਾਂਦੀ ਹੈ, ਉਨ੍ਹਾਂ ਵਿੱਚੋਂ ਇੱਕ ਪੰਜਾਬ ਦੇ ਗਵਾਂਢ ਹਿਮਾਚਲ ਪ੍ਰਦੇਸ਼ ਦੇ ਪ੍ਰਸਿੱਧ ਤੀਰਥ ਅਸਥਾਨ ਵਿਖੇ ਇੱਕ ਧਾਰਮਿਕ ਉਤਸਵ ਦੌਰਾਨ ਵਾਪਰਿਆ ਸੀ। ਬਾਅਦ ਦੀ ਰਿਪੋਰਟ ਸੀ ਕਿ ਅਚਾਨਕ ਆਈ ਬਰਸਾਤ ਦੇ ਕਾਰਨ ਇੱਕ ਸ਼ੈੱਡ ਢਹਿ ਜਾਣ ਪਿੱਛੋਂ ਪਹਾੜ ਤੋਂ ਢਿੱਗਾਂ ਡਿੱਗਣ ਦੀ ਅਫਵਾਹ ਫੈਲ ਗਈ ਤੇ ਕਿਸੇ ਸੂਚਨਾ ਪ੍ਰਸਾਰ ਦੀ ਘਾਟ ਕਰਨ ਲੋਕ ਜਾਨਾਂ ਬਚਾਉਣ ਲਈ ਭੱਜਣ ਲੱਗ ਪਏ। ਪੰਜਾਬੀ ਕਹਾਵਤ ਹੈ ਕਿ ਏਦਾਂ ਦੇ ਵਕਤ ਮਾਵਾਂ ਪੁੱਤਰ ਵੀ ਨਹੀਂ ਪਛਾਣਦੀਆਂ ਹੁੰਦੀਆਂ ਅਤੇ ਇਹੋ ਕੁਝ ਓਥੇ ਹੋਇਆ, ਕਿਸੇ ਨੇ ਕਿਸੇ ਵੱਲ ਵੇਖਿਆ ਨਹੀਂ ਕਿ ਉਹ ਕਿੱਥੇ ਹੈ, ਆਪਣੀ ਜਾਨ ਬਚਾਉਣ ਲਈ ਜਦੋਂ ਹਰ ਕੋਈ ਭੱਜ ਉੱਠਿਆ ਤਾਂ ਭਾਜੜ ਰੁਕਣ ਤੱਕ ਇੱਕ ਸੌ ਛਿਆਲੀ ਲੋਕਾਂ ਦੀ ਮੌਤ ਹੋ ਚੁੱਕੀ ਸੀ ਅਤੇ ਡੇਢ ਸੌ ਤੋਂ ਵੱਧ ਜ਼ਖਮੀਆਂ ਦੀ ਗਿਣਤੀ ਇਸ ਤੋਂ ਵੱਖ ਸੀ। ਇਸ ਪਿੱਛੋਂ ਹਿਮਾਚਲ ਪ੍ਰਦੇਸ਼ ਤੇ ਕੇਂਦਰ ਦੀਆਂ ਸਰਕਾਰਾਂ ਨੇ ਹਾਦਸੇ ਦੀ ਜਾਂਚ ਕਰਵਾਉਣ ਅਤੇ ਭਵਿੱਖ ਵਿੱਚ ਏਦਾਂ ਦੇ ਹਾਦਸੇ ਰੋਕਣ ਦੇ ਐਲਾਨ ਤਾਂ ਬਹੁਤ ਕੀਤੇ ਸਨ, ਪਰ ਇਨ੍ਹਾਂ ਬਿਆਨਾਂ ਉੱਤੇ ਅਮਲ ਬਾਰੇ ਜਾਣਕਾਰਲੋਕ ਅੱਜ ਵੀ ਕਹਿੰਦੇ ਹਨ ਕਿ ਪਰਨਾਲਾ ਓਥੇ ਦਾ ਓਥੇ ਹੈ।

ਸਤੰਬਰ 2008 ਵਿੱਚ ਏਦਾਂ ਹੀ ਰਾਜਸਥਾਨ ਦੇ ਪ੍ਰਮੁੱਖ ਸ਼ਹਿਰ ਜੋਧਪੁਰ ਵਿੱਚ ਇੱਕ ਪ੍ਰਸਿੱਧ ਮੰਦਰ ਵਿੱਚ ਭਾਜੜ ਮੱਚ ਗਈ ਸੀ। ਇਹ ਮੰਦਰ ਇੱਕ ਪ੍ਰਮੁੱਖ ਕਿਲ੍ਹੇ ਦੇ ਅੰਦਰ ਹੈ ਅਤੇ ਓਥੇ ਨਵਰਾਤਰੀ ਮੌਕੇ ਪੰਝੀ ਹਜ਼ਾਰ ਦੇ ਕਰੀਬ ਲੋਕ ਸ਼ਰਧਾ ਨਾਲ ਆਏ ਹੋਏ ਸਨ। ਦਰਸ਼ਨਾਂ ਦੀ ਘੜੀ ਉਡੀਕਦੇ ਸ਼ਰਧਾਲੂਆਂ ਨੂੰ ਜਦੋਂ ਇਹ ਪਤਾ ਲੱਗਾ ਕਿ ਕਿਵਾੜ ਖੁੱਲ੍ਹਣ ਦਾ ਸਮਾਂ ਆ ਗਿਆ ਹੈ ਤਾਂ ਕਾਹਲੀ ਪਈ ਹੋਈ ਸ਼ਰਧਾਲੂਆਂ ਦੀ ਭੀੜ ਕਿਵਾੜ ਖੁੱਲ੍ਹਦੇ ਸਾਰ ਇੱਕ ਦੂਸਰੇ ਤੋਂ ਅੱਗੇ ਜਾਣ ਦੇ ਚੱਕਰ ਵਿੱਚ ਭਾਜੜ ਵਿੱਚ ਬਦਲ ਗਈ। ਨਾ ਪ੍ਰਬੰਧਕਾਂ ਦੇ ਪ੍ਰਬੰਧ ਏਨੀ ਭੀੜ ਸੰਭਾਲਣ ਜੋਗੇ ਸਨ ਤੇ ਨਾ ਰਾਜ ਸਰਕਾਰ ਦੇ ਅਧਿਕਾਰੀਆਂ ਨੇ ਇਸ ਬਾਰੇ ਅਗੇਤੀ ਚਿੰਤਾ ਕੀਤੀ ਸੀ। ਨਤੀਜਾ ਇਸ ਦਾ ਇਹ ਨਿਕਲਿਆ ਸੀ ਕਿ ਸ਼ਰਧਾ ਭੇਟ ਕਰਨ ਲਈ ਪਹੁੰਚੇ ਸਵਾ ਦੋ ਸੌ ਲੋਕ ਪਲਾਂ ਵਿੱਚ ਲਾਸ਼ਾਂ ਦੇ ਢੇਰ ਵਿੱਚ ਬਦਲ ਗਏ ਤੇ ਸਰਕਾਰ ਇਹ ਐਲਾਨ ਕਰਨ ਲੱਗ ਪਈ ਸੀ ਕਿ ਮ੍ਰਿਤਕਾਂ ਦੇ ਪਰਵਾਰਾਂ ਨੂੰ ਐਨੇ-ਐਨੇ ਲੱਖ ਅਤੇ ਜ਼ਖਮੀਆਂ ਨੂੰ ਐਨੇ-ਐਨੇ ਹਜ਼ਾਰ ਰੁਪਏ ਦਿੱਤੇ ਜਾਣਗੇ।


ਏਦਾਂ ਦਾ ਇੱਕ ਹੋਰ ਹਾਦਸਾ ਅਤੇ ਇਨ੍ਹਾਂ ਪਿਛਲੇ ਸਾਰਿਆਂ ਤੋਂ ਵੱਡਾ ਦੁਖਾਂਤ ਜਨਵਰੀ 2005 ਵਿੱਚ ਮਹਾਰਾਸ਼ਟਰ ਦੇ ਸਤਾਰਾ ਜ਼ਿਲੇ ਦੇ ਇੱਕ ਧਰਮ ਅਸਥਾਨ ਵਿਖੇ ਹੋਇਆ ਸੀ। ਸਰਕਾਰੀ ਰਿਪੋਰਟਾਂ ਸਨ ਕਿ ਉਸ ਦਿਨ ਓਥੇ ਪੂਜਾ ਲਈ ਤਿੰਨ ਲੱਖ ਤੋਂ ਵੱਧ ਸ਼ਰਧਾਲੂ ਪਹੁੰਚੇ ਹੋਏ ਸਨ। ਏਨੇ ਲੋਕਾਂ ਦੇ ਲੰਘਣ ਜਾਂ ਕੁਝ ਨਾ ਕੁਝ ਪੂਜਾ ਦਾ ਸਾਮਾਨ ਡੁੱਲ੍ਹਦਾ ਜਾਣ ਕਾਰਨ ਉਸ ਧਰਮ ਅਸਥਾਨ ਦੀਆਂ ਪੱਥਰ ਦੀਆਂ ਪੌੜੀਆਂ ਉੱਤਲੀ ਤਿਲਕਣ ਵਿੱਚ ਇੱਕ ਜਣਾ ਜਦੋਂ ਸੰਭਲ ਨਾ ਸਕਿਆ ਤਾਂ ਉਸ ਦੇ ਤਿਲਕਣ ਨਾਲ ਇੱਕ ਦੂਸਰੇ ਵਿੱਚ ਵੱਜਦੇ ਲੋਕ ਕੁਝ ਹੇਠਾਂ ਵੱਲ ਰਿੜ੍ਹ ਜਾਣ ਕਾਰਨ ਮਾਰੇ ਗਏ ਤਾਂ ਕੁਝ ਇੱਕ ਦੂਸਰੇ ਦੇ ਪੈਰਾਂ ਹੇਠ ਮਿੱਧੇ ਜਾਣ ਨਾਲ ਮੌਤ ਦੇ ਮੂੰਹ ਜਾ ਪਏ। ਬਾਅਦ ਵਿੱਚ ਰਾਜ ਦੇ ਮੁੱਖ ਮੰਤਰੀ ਤੇ ਉਸ ਦੇ ਮੰਤਰੀਆਂ ਤੋਂ ਸ਼ੁਰੂ ਹੋ ਕੇ ਦੇਸ਼ ਦੇ ਪ੍ਰਧਾਨ ਮੰਤਰੀ ਤੱਕ ਦੇ ਸ਼ੋਕ ਸੰਦੇਸ਼ ਟੀ ਵੀ ਚੈਨਲਾਂ ਉੱਤੇ ਪੜ੍ਹੇ ਜਾਣ ਲੱਗ ਪਏ ਤੇ ਉਸ ਹਾਦਸੇ ਦੇ ਕਾਰਨ ਲੱਭਣ ਅਤੇ ਫਿਰ ਏਦਾਂ ਹੋਣ ਤੋਂ ਰੋਕਣ ਦਾ ਮੁੱਦਾ ਪਿੱਛੇ ਪੈ ਗਿਆ। ਰਾਜ ਦੀ ਹਾਈ ਕੋਰਟ ਨੂੰ ਕਿਸੇ ਨੇ ਅਰਜ਼ੀ ਦੇ ਕੇ ਸਰਕਾਰ ਦਾ ਇਹ ਫਰਜ਼ ਯਾਦ ਕਰਾਇਆ ਅਤੇ ਹਾਈ ਕੋਰਟ ਦੇ ਹੁਕਮ ਉੱਤੇ ਜਦੋਂ ਰਿਪੋਰਟ ਪੇਸ਼ ਹੋਈ ਤਾਂ ਪਤਾ ਲੱਗਾ ਕਿ ਉਸ ਦਿਨ ਉਸ ਇੱਕੋ ਹਾਦਸੇ ਵਿੱਚ ਦੋ ਸੌ ਇਕਾਨਵੇਂ ਲੋਕ ਮਾਰੇ ਗਏ ਸਨ, ਮਤਲਬ ਕਿ ਇੱਕੋ ਹਾਦਸਾ ਪੇਂਡੂ ਲੋਕਾਂ ਦੀ ਦੇਸੀ ਬੋਲੀ ਮੁਤਾਬਕ 'ਨੌਂ ਘੱਟ ਤਿੰਨ ਸੌ' ਲੋਕਾਂ ਲਈ ਜਾਨਲੇਵਾ ਬਣ ਗਿਆ ਸੀ। ਇਸ ਦਾ ਇਹ ਮਤਲਬ ਨਹੀਂ ਕਿ ਇਹ ਸਭ ਤੋਂ ਵੱਡਾ ਹਾਦਸਾ ਸੀ, ਏਦੂੰ ਵੀ ਵੱਡੇ ਦੁਖਾਂਤ ਦਾ ਜ਼ਿਕਰ ਅਸੀਂ ਅਖੀਰ ਵਿੱਚ ਕਰਨ ਲੱਗੇ ਹਾਂ।

ਭਾਰਤ ਦਾ ਉਹ ਵੱਡਾ ਅਤੇ ਸਭ ਤੋਂ ਵੱਡਾ ਦੁਖਾਂਤ, ਜਿਸ ਦਾ ਜ਼ਿਕਰ ਅਸੀਂ ਇਸ ਵਕਤ ਕਰਨ ਲੱਗੇ ਹਾਂ, ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਵਿੱਚ ਫਰਵਰੀ 1954 ਵਿੱਚ ਕੁੰਭ ਦੇ ਮੇਲੇ ਦੌਰਾਨ ਹੋਇਆ ਸੀ। ਸਰਕਾਰੀ ਅੰਦਾਜ਼ਾ ਸੀ ਕਿ ਉਸ ਦਿਨ ਆਈ ਭੀੜ ਦੀ ਗਿਣਤੀ ਚਾਲੀ ਤੋਂ ਪੰਜਾਹ ਲੱਖ ਵਿਚਾਲੇ ਹੋਵੇਗੀ। ਇਹ ਦੇਸ਼ ਨੂੰ ਆਜ਼ਾਦੀ ਮਿਲਣ ਪਿੱਛੋਂ ਦਾ ਪਹਿਲਾ ਕੁੰਭ ਮੇਲਾ ਸੀ ਅਤੇ ਹਿੰਦੂ ਧਰਮ ਵਿੱਚ ਪਵਿੱਤਰ ਗਿਣੀ ਜਾਣ ਵਾਲੀ ਮੌਨੀ ਅਮਾਵਸਿਆ ਦਾ ਦਿਨ ਹੋਣ ਕਾਰਨ ਹਰ ਕੋਈ 'ਤ੍ਰਿਵੇਣੀ ਦੇ ਸੰਗਮ', ਗੰਗਾ, ਯਮਨਾ ਅਤੇ ਸਰਸਵਤੀ ਦੇ ਮਿਲਣ ਸਥਾਨ ਉੱਤੇ ਇਸ਼ਨਾਨ ਦਾ ਲਾਭ ਲੈ ਸਕਣ ਦੀ ਕੋਸ਼ਿਸ਼ ਵਿੱਚ ਸੀ। ਅਚਾਨਕ ਭੀੜ ਵਿੱਚ ਭਾਜੜ ਮੱਚ ਗਈ। ਸਰਕਾਰ ਅਤੇ ਮੇਲਾ ਪ੍ਰਬੰਧਕਾਂ ਦੇ ਕੀਤੇ-ਕਰਾਏ ਸਾਰੇ ਪ੍ਰਬੰਧ ਧਰੇ-ਧਰਾਏ ਰਹਿ ਗਏ ਤੇ ਜਾਨਾਂ ਬਚਾਉਣ ਲਈ ਭੱਜਦੇ ਜੀਅ-ਭਿਆਣੇ ਲੋਕ ਇੱਕ ਦੂਸਰੇ ਨੂੰ ਮਿੱਧਣ ਅਤੇ ਖੁਦ ਮਿੱਧੇ ਜਾਣ ਦੇ ਚੱਕਰ ਵਿੱਚ ਫਸ ਕੇ ਲਾਸ਼ਾਂ ਦਾ ਢੇਰ ਵਧਾਉਣ ਦਾ ਕਾਰਨ ਬਣਦੇ ਗਏ। ਰਾਜ ਦੀ ਸਰਕਾਰ ਅਤੇ ਕੇਂਦਰੀ ਆਗੂਆਂ ਨੇ ਓਦੋਂ ਵੀ ਸਿਰਫ ਪੀੜਤਾਂ ਦਾ ਦੁੱਖ ਵੰਡਾਉਣ ਅਤੇ ਸਹਾਇਤਾ ਰਾਸ਼ੀ ਜਲਦੀ ਪੁਚਾਉਣ ਦੇ ਐਲਾਨ ਕੀਤੇ ਸਨ ਤੇ ਇਸ ਤੋਂ ਅੱਗੇ ਵਧ ਕੇ ਫਿਰ ਕਦੀ ਇਹੋ ਜਿਹਾ ਕੋਈ ਹਾਦਸਾ ਨਾ ਹੋਣ ਦੇਣ ਲਈ ਕੱਖ ਨਹੀਂ ਸੀ ਕੀਤਾ।

ਧਾਰਮਿਕ ਸਥਾਨਾਂ ਉੱਤੇ ਹੁੰਦੇ ਇਹੋ ਜਿਹੇ ਦੁਖਾਂਤਾਂ ਦੀ ਲੜੀ ਪੇਸ਼ ਕਰਨ ਦਾ ਮਤਲਬ ਇਹ ਨਹੀਂ ਕਿ ਏਦਾਂ ਸਿਰਫ ਧਾਰਮਿਕ ਥਾਂਵਾਂ ਉੱਤੇ ਹੁੰਦਾ ਹੈ, ਹੋਰ ਵੀ ਬਹੁਤ ਸਾਰੇ ਥਾਂਵਾਂ ਉੱਤੇ ਭੀੜ ਜੁੜਦੀ ਅਤੇ ਏਦਾਂ ਹੀ ਲੋਕ ਮਰਨ ਬਾਰੇ ਖਬਰਾਂ ਆਈ ਜਾਂਦੀਆਂ ਹਨ। ਤਾਮਿਲ ਨਾਡੂ ਵਿੱਚ ਇੱਕ ਵਾਰੀ ਇੱਕ ਨੇਤਾ ਬੀਬੀ ਨੇ ਆਪਣਾ ਜਨਮ ਦਿਨ ਮਨਾਉਣ ਲਈ ਗਰੀਬ ਔਰਤਾਂ ਨੂੰ ਸਾੜ੍ਹੀਆਂ ਵੰਡਣ ਦਾ ਐਲਾਨ ਕਰ ਦਿੱਤਾ ਤਾਂ ਗਰੀਬੀ ਮਾਰੀਆਂ ਬਹੁਤ ਸਾਰੀਆਂ ਔਰਤਾਂ ਸਾੜ੍ਹੀਆਂ ਲੈਣ ਲਈ ਆ ਗਈਆਂ, ਪਰ ਉਹ ਘਰ ਨਹੀਂ ਸੀ ਪਰਤ ਸਕੀਆਂ, ਉਨ੍ਹਾਂ ਦੀਆਂ ਲਾਸ਼ਾਂ ਉਨ੍ਹਾਂ ਦੇ ਘਰ ਪੁਚਾਈਆਂ ਗਈਆਂ ਅਤੇ ਨਾਲ ਸਰਕਾਰ ਵੱਲੋਂ 'ਬਣਦਾ-ਸਰਦਾ' ਧਰਵਾਸ ਦਾ ਚੈੱਕ ਦੇ ਦਿੱਤਾ ਗਿਆ ਸੀ। ਉੱਤਰ ਪ੍ਰਦੇਸ਼ ਵਿੱਚ ਇੱਕ ਰਾਜਸੀ ਲੀਡਰ ਨੇ ਆਪਣੇ ਚਹੇਤੇ ਪ੍ਰਧਾਨ ਮੰਤਰੀ ਦਾ ਜਨਮ ਦਿਨ ਮਨਾਉਣ ਲਈ ਔਰਤਾਂ ਨੂੰ ਏਦਾਂ ਦਾ ਮੁਫਤ ਮਾਲ ਵੰਡਣ ਵਾਲਾ ਐਲਾਨ ਕੀਤਾ ਤਾਂ ਸਾਮਾਨ ਅਣਵੰਡਿਆ ਰਿਹਾ ਤੇ ਲੈਣ ਆਏ ਗਰੀਬਾਂ ਦੀਆਂ ਲਾਸ਼ਾਂ ਦਾ ਢੇਰ ਚੋਖਾ ਵੱਡਾ ਲੱਗ ਗਿਆ ਸੀ। ਵਿਚਾਰੇ ਗਰੀਬ ਲੋਕ ਜਦੋਂ ਇਹੋ ਜਿਹੀ ਕਿਸੇ ਮਦਦ ਦੀ ਝਾਕ ਵਿੱਚ ਕਿਤੇ ਜਾਂਦੇ ਹਨ, ਸਿਰਫ ਜਾਂਦੇ ਹੀ ਹਨ, ਵਾਪਸ ਆਉਣ ਦੀ ਕੋਈ ਗਾਰੰਟੀ ਕਦੇ ਨਹੀਂ ਹੋਇਆ ਕਰਦੀ, ਕਿਉਂਕਿ ਵਿਸ਼ਵ ਗੁਰੂ ਬਣਨ ਤੁਰੇ ਹੋਏ ਭਾਰਤ ਦੇ ਹਾਕਮਾਂ ਕੋਲ ਹੋਰ ਬਥੇਰੇ ਕੰਮ ਹਨ, ਉਹ ਇਸ ਤਰ੍ਹਾਂ ਦੀਆਂ ਗਾਰੰਟੀਆ ਦੇਣ ਰੁੱਝੇ ਰਹਿਣ ਤਾਂ ਜ਼ਰੂਰੀ ਕੰਮ ਪਛੜ ਸਕਦੇ ਹਨ। ਸਰਕਾਰ ਉਹ ਕੰਮ ਕਦੇ ਨਹੀਂ ਭੁਲਾ ਸਕਦੀ, ਕਿਉਂਕਿ ਵਿਸ਼ਵ ਗੁਰੂ ਬਣਨਾ ਹੈ ਤੇ ਜਦੋਂ ਸਰਕਾਰਾਂ ਨੂੰ ਏਦਾਂ ਦੇ ਦੁਖਾਂਤ ਹੁੰਦੇ ਰੋਕਣ ਦੇ ਲਈ ਵਿਹਲ ਨਹੀਂ ਮਿਲਦੀ ਤਾਂ ਕਿਸੇ ਹੋਰ ਨੂੰ ਵਿਲਕਣ ਦੀ ਕੀ ਲੋੜ ਹੈ। ਬਿਹਤਰ ਇਹੋ ਹੈ ਕਿ ਵਗਦੇ ਵਹਿਣ ਨਾਲ ਵਗਿਆ ਜਾਵੇ ਅਤੇ ਵਿਸ਼ਵ ਗੁਰੂ ਬਣਨ ਦੇ ਉਹ ਸੁਫਨੇ ਰੋਜ਼ ਰਾਤਵੇਖੇ ਜਾਣ, ਜਿਹੜੇ ਹਕੀਕਤਾਂ ਤੋਂ ਕੋਹਾਂ ਦੂਰ ਹੁੰਦੇ ਹਨ।

## ਜਸਵੰਤ ਸਿੰਘ ਕੰਵਲ ਦੇ 105ਵੇਂ ਜਨਮ ਦਿਵਸ 'ਤੇ 'ਪੰਜਾਬੀਆਂ ਦਾ ਬਾਈ ਜਸਵੰਤ ਸਿੰਘ ਕੰਵਲ' ਪੁਸਤਕ ਵਰਿਆਮ ਸਿੰਘ ਸੰਧੂ ਨੂੰ ਭੇਟ ਕਰਦਿਆਂ

ਪ੍ਰਿੰ. ਸਰਵਣ ਸਿੰਘ



ਜੇ ਸੰਤ ਸਿੰਘ ਸੇਖੋਂ ਪੰਜਾਬੀ ਸਾਹਿਤ ਦਾ ਬੋਹੜ ਸੀ ਤਾਂ ਜਸਵੰਤ ਸਿੰਘ ਕੰਵਲ ਸਰੂ ਦਾ ਰੁੱਖ ਸੀ। ਉਹ ਵਗਦੀਆਂ 'ਵਾਵਾਂ ਦੇ ਵੇਗ ਵਿੱਚ ਝੂੰਮਦਾ, ਕਦੇ ਖੱਬੇ ਲਹਿਰਾਉਂਦਾ, ਕਦੇ ਸੱਜੇ ਤੇ ਕਦੇ ਵਾਵਰੋਲੇ ਵਾਂਗ ਘੁੰਮਦਾ। ਉਹਦਾ ਤਣਾ ਮਜ਼ਬੂਤ ਸੀ ਤੇ ਜੜ੍ਹਾਂ ਡੂੰਘੀਆਂ ਜਿਸ ਕਰਕੇ ਝੱਖੜ ਤੂਫ਼ਾਨ ਵੀ ਉਸ ਨੂੰ ਧਰਤੀ ਤੋਂ ਨਹੀਂ ਹਿਲਾ ਸਕੇ। ਉਹ ਵੇਗਮੱਤਾ ਲੇਖਕ ਸੀ ਤੇ ਲੋਹੜੇ ਦਾ ਉਪਭਾਵਕ। ਉਹਦੇ ਰੁਮਾਂਚਿਕ ਰਉਂ 'ਚ ਲਿਖੇ ਵਾਕ ਸਿੱਧੇ ਦਿਲਾਂ 'ਤੇ ਵਾਰ ਕਰਦੇ ਰਹੇ। ਉਸ ਨੇ ਹਜ਼ਾਰਾਂ ਸੰਵਾਦ ਰਚੇ ਜੋ ਨੌਜੁਆਨਾਂ ਦੀਆਂ ਡਾਇਰੀਆਂ ਉਤੇ ਚੜ੍ਹਦੇ ਰਹੇ। ਉਹਦੀ ਪ੍ਰੀਤ ਭਿੱਜੀ ਰੁਮਾਂਚਿਕ ਸ਼ੈਲੀ ਨੇ ਲੱਖਾਂ ਪਾਠਕ ਪੱਟੇ। ਡਾ. ਜਸਵੰਤ ਗਿੱਲ ਉਹਦੇ ਨਾਵਲ 'ਰਾਤ ਬਾਕੀ ਹੈ' ਦੀ ਪੱਟੀ ਢੁੱਡੀਕੇ ਆ ਬੈਠੀ ਸੀ।

ਪੁਸਤਕ 'ਜੀਵਨ ਕਣੀਆਂ' ਤੋਂ 'ਧੁਰ ਦਰਗਾਹ' ਤਕ ਪੁੱਜਦਿਆਂ ਕੰਵਲ ਨੇ ਜੀਵਨ ਦੇ ਅਨੇਕਾਂ ਰੰਗ ਵੇਖੇ ਤੇ ਪਾਠਕਾਂ ਨੂੰ ਵਿਖਾਏ। ਚੜ੍ਹਦੀ ਜਵਾਨੀ ਵਿੱਚ ਉਹ ਹੀਰ ਗਾਉਂਦਾ, ਕਵਿਤਾ ਲਿਖਦਾ, ਸਾਧਾਂ ਸੰਤਾਂ ਤੇ ਵੈਲੀਆਂ ਬਦਮਾਸ਼ਾਂ ਦੀ ਸੰਗਤ ਕਰਦਾ, ਵੇਦਾਂਤ ਤੇ ਮਾਰਕਸਵਾਦ ਪੜ੍ਹਦਾ, ਸੱਜੇ ਖੱਬੇ ਦੇ ਕਾਮਰੇਡਾਂ ਤੇ ਨਕਸਲੀਆਂ ਦਾ ਹਮਦਰਦ ਬਣਦਾ, ਪ੍ਰੋ. ਕਿਸ਼ਨ ਸਿੰਘ ਦੇ ਨਿਤਾਰੇ ਮਾਰਕਸੀ ਨਜ਼ਰੀਏ ਤੋਂ ਸਿੱਖ ਇਨਕਲਾਬ ਵੱਲ ਮੋੜਾ ਪਾਉਂਦਾ, ਸਿੱਖ ਹੋਮਲੈਂਡ ਦਾ ਸਮੱਰਥਨ ਕਰਦਾ, ਖਾੜਕੂਆਂ ਦਾ ਹਮਦਰਦ ਬਣ ਗਿਆ। ਸਿਆਸੀ ਨੇਤਾਵਾਂ ਨੂੰ ਖੁੱਲ੍ਹੀਆਂ ਚਿੱਠੀਆਂ ਲਿਖਦਾ ਪੰਥ-ਪੰਥ ਤੇ ਪੰਜਾਬ ਪੰਜਾਬ ਕੂਕਣ ਲੱਗ ਪਿਆ। ਅਖ਼ੀਰ ਉਹ 'ਪੰਜਾਬ ਤੇਰਾ ਕੀ ਬਣੂੰ?' ਦੇ ਝੋਰੇ ਝੁਰਨ ਲੱਗ ਪਿਆ ਅਤੇ 'ਰੁੜ੍ਹ ਚੱਲਿਆ ਪੰਜਾਬ' ਤੇ 'ਧੁਰ ਦਰਗਾਹ'ਵਰਗੀਆਂ ਪੁਸਤਕ ਲਿਖਦਾ ਅਕਾਲ ਚਲਾਣਾ ਕਰ ਗਿਆ।

9 ਦਸੰਬਰ 2018 ਨੂੰ ਮੈਂ ਉਹਨੂੰ ਮਿਲਣ ਗਿਆ ਤਾਂ ਉਹ ਚੜ੍ਹਦੀ ਕਲਾ 'ਚ ਮਿ-ਲਿਆ। ਸਰੀਰ ਭਾਵੇਂ ਕੁੱਝ ਝੰਵਿਆਂ ਲੱਗਾ ਪਰ 'ਮੈਂ ਕਾਇਮ ਹਾਂ' ਦੇ ਬੋਲ ਗੜ੍ਹਕਵੇਂ ਲੱਗੇ। ਪੜ੍ਹਨ ਲਿਖਣ ਵਾਲੇ ਕਮਰੇ ਵਿੱਚ ਉਹਦੀਆਂ ਫੋਟੋਆਂ ਵਿਚਕਾਰ ਡਾ. ਜਸਵੰਤ ਗਿੱਲ ਦੀ ਫੋਟੋ ਵੀ ਲੱਗੀ ਹੋਈ ਸੀ। ਕੋਠੀ ਉਵੇਂ ਹੀ ਸੀ ਪਰ ਡਾ. ਜਸਵੰਤ ਗਿੱਲ ਦੀ ਜੀ ਆਇਆਂ ਕਹਿਣ ਵਾਲੀ ਮੁਸਕਰਾਹਟ ਉਥੇ ਨਹੀਂ ਸੀ।

ਉਦੋਂ ਉਹਦੀ ਸਿਹਤ ਠੀਕ ਠਾਕ ਸੀ। ਦਿਸਦਾ ਸਾਫ ਸੀ ਪਰ ਸੁਣਦਾ ਉੱਚਾ। ਕੋਈ ਹਾਲ ਚਾਲ ਪੁੱਛਦਾ ਤਾਂ ਆਖਦਾ, "ਮੇਰਾ ਤਾਂ ਚੰਗਾ ਪਰ ਪੰਜਾਬ ਦਾ ਮਾੜੈ।"

5 ਜਨਵਰੀ 2019 ਨੂੰ ਮੈਂ ਕੈਨੇਡਾ ਤੋਂ ਫਿਰ ਮਿਲਣ ਗਿਆ ਤਾਂ ਉਹ ਇਹੋ ਸ਼ਿਅਰ ਦੁਹਰਾਈ ਗਿਆ:

ਹਮ ਜੋ ਗਏ ਤੋ ਰਾਹ ਗੁਜ਼ਰ ਨਾ ਥੀ
ਤੁਮ ਜੋ ਆਏ ਤੋ ਮੰਜ਼ਲੇਂ ਲਾਏਂ ...

ਰਾਤ ਮੈਂ ਉਹਦੇ ਕੋਲ ਰਿਹਾ। ਸਵੇਰੇ ਉਹਦੀ ਹੱਥ ਲਿਖਤ ਦੀ ਨਿਸ਼ਾਨੀ ਵਜੋਂ ਇੱਕ ਕਾਗਜ਼ ਮੇਜ਼ ਤੋਂ ਚੁੱਕ ਲਿਆ ਜੋ ਉਸ ਨੇ ਤਾਜ਼ਾ ਹੀ ਲਿਖਿਆ ਸੀ। ਉਹ ਪੁਰਾਣੇ ਪੈਡ ਦਾ ਅੱਧਾ ਵਰਕਾ ਸੀ। ਮੈਂ ਤਹਿ ਕਰ ਕੇ ਬਟੂਏ 'ਚ ਪਾ ਲਿਆ। ਉਸ ਉਤੇ ਲਿਖੀ ਪਹਿਲੀ ਸਤਰ ਹੈ: ਕਾਲੀ ਗਾਨੀ ਮਿੱਤਰਾਂ ਦੀ, ਗਲ ਪਾ ਕੇ ਲੱਖਾਂ ਦੀ ਹੋ ਜਾਹ। ਦੂਜੀ ਸਤਰ ਹੈ: ਛੋਟੀਆਂ ਲੜਾਈਆਂ ਬੰਦ। ਚੜ੍ਹਦੀ ਕਲਾ ਬੁਲੰਦ! ਤੇ ਤੀਜੀ ਸਤਰ ਹੈ: ਸ਼ਕਤੀ ਬੰਦੇ ਨੂੰ ਲਲਕਾਰਦੀ ਹੈ; ਤੇਰੀ ਆਈ ਮੈਂ ਮਰ ਜਾਂ, ਤੇਰਾ ਵਾਲ ਵਿੰਗਾ ਨਾ ਹੋਵੇ। ਕਾਗਜ਼ ਦੇ ਦੋਹੀਂ ਪਾਸੀਂ ਵੀਹ ਕੁ ਸਤਰਾਂ ਹਨ ਜਿਨ੍ਹਾਂ ਦਾ ਇੱਕ ਦੂਜੀ ਨਾਲ ਕੋਈ ਤਾਲ ਮੇਲ ਨਹੀਂ।

ਉਸ ਨੂੰ ਲਿਖਣ ਦੀ ਪ੍ਰੇਰਨਾ ਗੁਰਬਾਣੀ, ਵਾਰਸ ਦੀ ਹੀਰ, ਸੂਫੀ ਕਵਿਤਾ ਤੇ ਲੋਕ ਗੀਤਾਂ ਤੋਂ ਮਿਲੀ ਸੀ। ਪ੍ਰੋ. ਪੂਰਨ ਸਿੰਘ, ਵਿਕਟਰ ਹਿਊਗੋ, ਚਾਰਲਸ ਡਿਕਨਜ਼, ਬਾਲਜ਼ਾਕ ਤੇ ਟਾਲਸਟਾਏ ਆਦ ਲੇਖਕਾਂ ਤੋਂ ਪ੍ਰਭਾਵਿਤ ਹੋਇਆ। ਉਹ ਭਾਵੇਂ ਦਸਵੀਂ 'ਚ ਅੜ ਗਿਆ ਸੀ ਪਰ ਲਿਖਣ 'ਚ ਏਨਾ ਅੱਗੇ ਵਧਿਆ ਕਿ ਉਸ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਨੇ ਡੀ. ਲਿਟ. ਦੀ ਆਨਰੇਰੀ ਡਿਗਰੀ ਦੇ ਕੇ ਸਨਮਾਨਿਆ। ਪੰਜਾਬ ਸਰਕਾਰ ਨੇ ਸਾਹਿਤ ਰਤਨ ਦਾ ਖ਼ਿਤਾਬ ਦਿੱਤਾ। ਪੰਜਾਬੀ ਸਾਹਿਤ ਅਕਾਡਮੀ ਤੇ ਭਾਰਤੀ ਸਾਹਿਤ ਅਕਾਡਮੀ ਨੇ ਵੀ ਆਪੋ ਆਪਣੇ ਅਵਾਰਡ ਦਿੱਤੇ। ਉਸ ਨੂੰ ਸਰਵਸ੍ਰੇਸ਼ਟ ਪੁਰਸਕਾਰ ਨਾਲ ਵਡਿਆਇਆ ਗਿਆ। ਸੈਮਸੰਗ ਕੰਪਨੀ ਨੇ ਸਾਹਿਤ ਅਕਾਡਮੀ ਦਿੱਲੀ ਰਾਹੀਂ ਟੈਗੋਰ ਯਾਦਗਾਰੀ ਅਵਾਰਡ ਦਿੱਤਾ।

ਉਸ ਨੇ ਢੁੱਡੀਕੇ ਦੀ ਸਰਪੰਚੀ ਤੋਂ ਲੈ ਕੇ ਕੇਂਦਰੀ ਪੰਜਾਬੀ ਲੇਖਕ ਸਭਾ ਦੀ ਜਨਰਲ ਸਕੱਤਰੀ, ਪ੍ਰਧਾਨਗੀ ਤੇ ਸਰਪ੍ਰਸਤੀ ਕੀਤੀ। ਪੰਜਾਬੀ ਕਨਵੈਨਸ਼ਨਾਂ ਦਾ ਕਨਵੀਨਰ ਰਿਹਾ। ਇੰਗਲੈਂਡ ਵਿੱਚ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਕਰਾਉਣ ਦਾ ਮੋਹਰੀ ਸੀ। ਪੰਜਾਬੀ ਨੂੰ ਦੇਵਨਾਗਰੀ ਲਿੱਪੀ ਵਿੱਚ ਲਿਖਣ ਅਤੇ ਹਿੰਦੀ ਸੰਸਕ੍ਰਿਤ ਦੀ ਸ਼ਬਦਾਵਲੀ 'ਚ ਖਚਤ ਹੋਣ ਤੋਂ ਬਚਾਇਆ। ਆਪਣੀ ਸੌ ਸਾਲ ਸੱਤ ਮਹੀਨੇ ਦੀ ਲੰਮੀ ਉਮਰ ਵਿੱਚ ਉਸ ਨੇ ਅੱਸੀ ਸਾਲ ਕਲਮ ਚਲਾ ਕੇ ਸੌ ਤੋਂ ਵੱਧ ਪੁਸਤਕਾਂ ਪੰਜਾਬੀ ਸਾਹਿਤ ਨੂੰ ਦਿੱਤੀਆਂ। ਉਹ ਭਾਸ਼ਾ ਵਿਭਾਗ ਪੰਜਾਬ ਦੇ ਬੋਰਡ ਦਾ ਸਲਾਹਕਾਰ ਤੇ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਮੈਂਬਰ ਰਿਹਾ। ਸਾਹਿਤ ਟ੍ਰੱਸਟ ਢੁੱਡੀਕੇ ਤਾਂ ਸੀ ਹੀ ਉਹਦਾ, ਜਿਸ ਨੇ ਸੌ ਦੇ ਕਰੀਬ ਪੰਜਾਬੀ ਲੇਖਕਾਂ ਨੂੰ ਅਵਾਰਡ ਦਿੱਤੇ। ਉਹ ਵੀ ਪੰਜਾਬੀ ਦੇ ਹਿੰਦੂ ਲੇਖਕਾਂ ਬਾਵਾ ਬਲਵੰਤ ਤੇ ਬਲਰਾਜ ਸਾਹਨੀ ਦੇ ਨਾਵਾਂ ਉਤੇ। ਪੰਜਾਬੀਆਂ ਦੇ 1947 'ਚ ਹੋਏ ਕਤਲੇਆਮ ਸਮੇਂ ਆਪਣੇ ਪਿੰਡ ਢੁੱਡੀਕੇ ਵਿੱਚ ਕੋਈ ਵੀ ਮੁਸਲਮਾਨ ਕਤਲ ਨਹੀਂ ਹੋਣ ਦਿੱਤਾ। ਉਹ ਹੋਰ ਵੀ ਬਹੁਤ ਕੁੱਝ ਸੀ ਜੋ ਇਸ ਪੁਸਤਕ ਵਿੱਚੋਂ ਪੜ੍ਹਿਆ ਜਾ ਸਕਦੈ। ਪੁਸਤਕ ਪੀਪਲਜ਼ ਫ਼ੋਰਮ ਬਰਗਾੜੀ ਵਾਲਿਆਂ ਨੇ ਪ੍ਰਕਾਸ਼ਿਤ ਕੀਤੀ ਹੈ ਜਿਨ੍ਹਾਂ ਦੇ ਫੋਨ ਨੰ. 9872989313 ਤੇ 9876710809 ਹਨ।


CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO • HOME • TRUCK • BUSINESS • LIFE • MEDICAL

ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947

Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

LOCAL & LONG DISTANCE MOVING

# H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL

CANADA'S MOVING COMPANY




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

Call: 416.524.6704
www.hkmovers.ca

2023 ThreeBest Rated Certificate OF EXCELLENCE THREE BEST RATED

SAFE, RELIABLE AND EFFICIENT SERVICE AT THE BEST RATES



The Mortgage Centre
We work for *you*, not the lenders.




Debt Consolidation | Renovations & Repairs | Avoiding High penalities

If you are looking for independent mortgage or protection advice....
We're here to help.
* Competitive rates
* Flexible terms
* Fast approval process

No Credit or becon score check.
No income verifiaction.
Interest payments only.
Pay off high interest debts.
75%-80% LTV.

Must have home equity.....

For more information call:

Jaspal Gahunia (Lic. M08006400)
Direct: 416-677-0047
Office: 416-674-7050
Email: paulpaul202@yahoo.ca
Office - Unit 201-19 Woodbine Downs Blvd, Etobicoke, ON M9W 6N5
-4040 Steeles Avenue West Unit#5 Woodbridge, ON, L4L 4Y5

Rexdale Financial Services



URGENTLY NEED NEW LISTINGS IN BRAMPTON/CALEDON



visit: www.teamjagaujla.com

ADVERTISEMENT GUARANTEED TILL SOLD

JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com

MCNE

CALL JAG AUJLA FOR A QUICK & FREE HOME EVALUATION

www.BramptonTopRealtor.com

RECENTLY LISTED IN YOUR NEIGHBOURHOOD

## Sandalwood & Sunny Meadow Blvd



ਬਹੁਤ ਹੀ ਵਧੀਆ ਲੋਕੇਸ਼ਨ ਉਤੇ ਗ੍ਰੀਨਰੀ ਫੇਸਿੰਗ ਬਹੁਤ ਹੀ ਵਧੀਆ ਤਰੀਕੇ ਨਾਲ ਮੇਨਟੇਨ ਕੀਤਾ ਹੋਇਆ ਲਗਭਗ 1305 ਸਕੇਅਰ ਫੁੱਟ (ਐਮਪੈਕ ਅਨੁਸਾਰ) ਦਾ ਕੌਂਡੋ ਸਟੈਕਡ ਟਾਊਨ ਹਾਊਸ, ਸਾਰੇ ਘਰ ਨੂੰ ਨਵਾਂ ਰੰਗ ਕੀਤਾ ਹੋਇਆ, ਸਾਲ 2016-17 ਵਿਚ ਬਣਿਆ ਹੋਇਆ 2 ਬੈਡਰੂਮ + 3 ਵਾਸ਼ਰੂਮ + ਓਪਨ ਟੈਰੇਸਡ ਬਾਲਕਨੀ + 1 ਕਾਰ ਗਰਾਜ ਦੇ ਨਾਲ, ਓਪਨ ਕਾਂਸੈਪਟ ਲਿਵਿੰਗ ਲੈਮੀਨੇਟਡ ਫਲੋਰ ਦੇ ਨਾਲ ਲੈਸ ਡਾਇਨਿੰਗ ਏਰੀਆ, ਸਟੇਨਲੈਸ ਸਟੀਲ ਨਾਲ ਬਣੀਆਂ ਕਿਚਨ ਕੈਬਿਨੇਟਸ, ਮਾਸਟਰ ਬੈਡਰੂਮ 4 ਪੀਸੀ ਐਨਸੂਟ ਦੇ ਨਾਲ ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਅਤੇ ਹੋਰ ਵੀ ਬਹੁਤ ਕੁੱਝ।

## James Potter/Queen/Bonnie Brae



ਬਹੁਤ ਹੀ ਸੋਹਣਾ 3000-3500 ਸਕੇਅਰ ਫੁੱਟ ਦਾ ਡਿਟੈਚਡ ਘਰ, 5+2 ਬੈਡਰੂਮ + ਦਫਤਰ + 5 ਵਾਸ਼ਰੂਮ, ਫਿਨਿਸ਼ਡ ਬੇਸਮੈਂਟ, 2 ਅਲੱਗ ਐਂਟਰੈਂਸ, 9 ਫੁੱਟ ਦੀ ਸੀਲਿੰਗ, ਡਬਲ ਡੋਰ ਐਂਟਰੀ, 5 ਪੀਸੀ ਐਨਸੂਟ ਦੇ ਨਾਲ ਮਾਸਟਰ ਬੈਡਰੂਮ, ਮੇਨ ਫਲੋਰ ਉਤੇ ਲੱਕੜ ਦਾ ਕੰਮ ਕੀਤਾ ਹੋਇਆ, ਬੇਸਮੈਂਟ ਵਿਚ ਲੈਮੀਨੇਟ ਅਤੇ ਸੇਰਾਮਿਕਸ, ਗ੍ਰੇਨਾਈਟ ਕਊਂਟਰ ਟਾਪ ਅਤੇ ਸੈਂਟਰ ਆਈਲੈਂਡ ਦੇ ਨਾਲ ਕਿਚਨ, ਗ੍ਰੀਨਰੀ ਵੱਲ ਫੇਸ ਕਰਦਾ ਹੋਇਆ ਬ੍ਰੇਕਫਾਸਟ ਏਰੀਆ, ਮੇਨ ਫਲੋਰ ਉਤੇ ਲਾਊਂਡਰੀ, ਘਰ ਦੇ ਸਾਹਮਣੇ ਪਾਰਕ ਅਤੇ ਹੋਰ ਵੀ ਬਹੁਤ ਕੁੱਝ।

## Caledon Ontario (Dir/Cross St:Mayfield/ Mclaughlin/Tweedhill)



ਬਹੁਤ ਹੀ ਵਧੀਆ ਪ੍ਰਾਈਮ ਲੋਕੇਸ਼ਨ ਉਤੇ ਕਿਰਾਏ ਲਈ ਖਾਲੀ 700-1100 ਸਕੁਏਅਰ ਫੁੱਟ ਦਾ ਸੋਹਣਾ ਜਿਹਾ ਘਰ, ਦੋ ਬੈਡਰੂਮਜ਼ ਦੇ ਨਾਲ ਲੀਗਲ ਬੇਸਮੈਂਟ ਅਪਾਰਟਮੈਂਟ (ਅਲੱਗ ਐਂਟਰੈਂਸ), ਕੰਕਰੀਟ ਦਾ ਡਰਾਇਵ ਵੇਅ, ਓਪਨ ਕਾਂ-ਸੈਪਟ ਦੇ ਨਾਲ ਲਿਵਿੰਗ ਰੂਮ ਨਾਲ ਅਟੈਚਡ ਕਿਚਨ, ਕਿਰਾਏਦਾਰ ਨੂੰ ਕਿਰਾਇਆ ਅਤੇ 30% ਯੂਟੀਲਿਟੀਜ਼ ਦੇਣਾ ਹੋਵੇਗਾਲੀਜ਼ ਘੱਟ ਤੋਂ ਘੱਟ 1 ਸਾਲ ਲਈ ਹੋਵੇਗੀ।

## Bramalea/Father Tobin /Fernfor



ਬਹੁਤ ਹੀ ਸ਼ਾਨਦਾਰ 3065 ਸਕੇਅਰ ਫੁੱਟ ਦਾ 3 ਮੰਜਲਾ ਡਿਟੈਚਡ ਘਰ, 5+1 ਬੈਡਰੂਮ + 5 ਵਾ-ਸ਼ਰੂਮ ਅਤੇ 2 ਫੈਮਿਲੀ ਰੂਮ, 2 ਮਾਸਟਰ ਬੈਡਰੂਮ ਅਤੇ ਇਕ ਫਿਨਿਸ਼ਡ ਬੇਸਮੈਂਟ, ਡਬਲ ਡੋਰ ਐਂ-ਟਰੀ, ਓਕ ਸਟੇਅਰਕੇਸ, ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ ਵਿਚ ਹਾਰਡਵੁੱਡ ਲੱਗਾ ਹੋਇਆ, ਸੋਹਣਾ ਜਿਹਾ ਕਿਚਨ ਸੈਂਟਰ ਆਈਲੈਂਡ ਦੇ ਨਾਲ, ਮਾਸਟਰ ਬੈਡਰੂਮ ਵਿਚ 5 ਪੀਸੀ ਐਨ-ਸੂਟ, ਦੂਜੀ ਮੰਜਲ 'ਤੇ ਲਾਊਂਡਰੀ, ਗਰਾਜ ਤੋਂ ਘਰ ਦੀ ਐਂਟਰੀ, ਬੇਸਮੈਂਟ ਵਿਚ ਸ਼ਾਨਦਾਰ ਥੀਏਟਰ ਦੇ ਨਾਲ, ਸਕੂਲ, ਬੱਸ ਸਟਾਪ ਅਤੇ ਪਾਰਕ ਆਦਿ ਦੇ ਬਿਲਕੁਲ ਨਜ਼ਦੀਕ ਤੇ ਹੋਰ ਵੀ ਬਹੁਤ ਕੁੱਝ।

FREE
- Full MLS services
- Consistent marketing until your property is sold
- Competitive rates, exceptional service & award winning results
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold

RE/MAX REALTY SPECIALISTS INC.
Ph:905-456-3232

JAG AUJLA 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT


2024 TOUR • 180+ SHOWS •
12 FABULOUS LOCATIONS • CANADA & USA
ROYAL CANADIAN International CIRCUS™
UNDER THE BIG TOP
6 GTA LOCATIONS
June 27 - Sept 2
2 for 1
GENERAL ADMISSION TICKETS DISCOUNT
PROMO CODE:
PUNJABI
ROYALCANADIANCIRCUS.CA